Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-
All Subject to Patiala Jurisdiction.
www.khetiduniyan.in
Editor : Jagpreet Singh ● RNI/42269/83 ● Issue Dated 17-02-2024 ● Vol.42 No.07 ● Ph. : 0175-2214575, 90410-14575 ● Page : 16 E-mail : khetiduniyan1983@gmail.com

## ਸਮੇਂ ਸਿਰ ਕਣਕ ਦਾ ਕਰਨਾਲ ਬੰਟ ਮੁਕਤ ਬੀਜ ਤਿਆਰ ਕਰੋ

ਇਹ ਬਿਮਾਰੀ ਨੀਮ ਪਹਾੜੀ ਇਲਾਕੇ ਅਤੇ ਦਰਿਆਵਾਂ ਦੇ ਨੇੜੇ ਲੱਗਦੇ ਇਲਾਕਿਆਂ ਵਿਚ ਜ਼ਿਆਦਾ ਵੇਖਣ ਨੂੰ ਮਿਲਦੀ ਹੈ। ਪਿਛਲੇ ਸਾਲ ਇਸ ਦਾ ਹਮਲਾ ਤਰਨਤਾਰਨ, ਕਪੂਰਥਲਾ, ਗੁਰਦਾਸਪੁਰ, ਅੰਮ੍ਰਿਤਸਰ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਜਲੰਧਰ ਅਤੇ ਰੋਪੜ ਦੇ ਕਈ ਕਿਸਾਨਾਂ ਦੇ ਕਣਕ ਦੇ ਖੇਤਾਂ ਵਿਚ ਵੇਖਿਆ ਗਿਆ ਸੀ। ਭਾਵੇਂ ਇਹ ਬਿਮਾਰੀ ਝਾੜ ਵਿਚ ਫਰਕ ਨਹੀਂ ਪਾਉਂਦੀ ਪਰ ਇਸ ਨਾਲ ਕਣਕ ਦੀ ਗੁਣਵੱਤਾ ਖਰਾਬ ਹੋ ਜਾਂਦੀ ਹੈ। ਇਸ ਦੇ ਹਮਲੇ ਨਾਲ ਸਿੱਟੇ ਵਿੱਚ ਕੁਝ ਦਾਣਿਆਂ ਤੇ ਹੀ ਬਿਮਾਰੀ ਦਾ ਅਸਰ ਹੁੰਦਾ ਹੈ।



**ਲੱਛਣ** : ਜਦੋਂ ਬਿਮਾਰੀ ਵਾਲੇ ਦਾਣਿਆਂ ਨੂੰ ਹੱਥਾਂ ਵਿਚ ਲੈ ਕੇ ਮਸਲਿਆਂ ਜਾਵੇ ਤਾਂ ਉਨ੍ਹਾਂ ਵਿੱਚੋਂ ਕਾਲੇ ਰੰਗ ਦੀ ਉੱਲੀ ਦੇ ਜੀਵਾਣੂੰ ਬਾਹਰ ਨਿਕਲਦੇ ਹਨ, ਜਿਨ੍ਹਾਂ ਵਿੱਚੋਂ ਭੈੜੀ ਦੁਰਗੰਧ ਆਉਂਦੀ ਹੈ। ਇਸ ਬਿਮਾਰੀ ਵਾਲੀ ਉੱਲੀ ਦੀ ਲਾਗ ਉਦੋਂ ਲੱਗਦੀ ਹੈ ਜਦੋਂ ਕਿ ਅਜੇ ਸਿੱਟੇ ਬਾਹਰ ਨਿਕਲੇ ਹੀ ਹੁੰਦੇ ਹਨ। ਬਿਮਾਰੀ ਦੀ ਲਾਗ ਹਵਾ ਵਿਚ ਫਿਰਦੇ ਬਿਮਾਰੀ ਦੇ ਜੀਵਾਣੂੰ ਰਾਹੀਂ ਹੁੰਦੀ ਹੈ। ਉੱਲੀ ਦੇ ਜੀਵਾਣੂੰ ਖੇਤਾਂ ਵਿਚ 2-3 ਸਾਲ ਤੱਕ ਜਿਊਂਦੇ ਰਹਿੰਦੇ ਹਨ ਅਤੇ ਕਣਕ ਦੇ ਸਿੱਟੇ ਨਿਕਲਣ ਵੇਲੇ ਇਹ ਜੀਵਾਣੂੰ ਮਿੱਟੀ ਉੱਗ ਕੇ ਹਵਾ ਵਿਚ ਰਲ ਜਾਂਦੇ ਹਨ ਅਤੇ ਸਿੱਟਿਆਂ ਵਿਚ ਦਾਣਿਆਂ ਤੇ ਬਿਮਾਰੀ ਲਾ ਦਿੰਦੇ ਹਨ। ਅਜਿਹੀ ਫਸਲ ਤੋਂ ਅਗਲੇ ਸਾਲ ਲਈ ਸੰਭਾਲਿਆ ਬੀਜ ਬਿਮਾਰੀ ਫੈਲਾਉਣ ਦਾ ਕਾਰਨ ਬਣਦਾ ਹੈ।

**ਇਲਾਜ** : ਕਿਸਾਨ ਵੀਰੋ ! ਜੇਕਰ ਕਣਕ ਦੇ ਨਿਸਰਣ ਸਮੇਂ ਬੱਦਲਵਾਈ ਤੇ ਕਿਣ-ਮਿਣ ਰਹੇ ਤਾਂ ਇਸ ਬਿਮਾਰੀ ਦੀ ਲਾਗ ਜ਼ਿਆਦਾ ਲੱਗਦੀ ਹੈ। ਇਸ ਤੋਂ ਇਲਾਵਾ ਨਾਈਟ੍ਰੋਜਨ ਖਾਦ ਦੀ ਲੋੜ ਤੋਂ ਜ਼ਿਆਦਾ ਵਰਤੋਂ ਅਤੇ ਫਸਲ ਡਿੱਗਣ ਨਾਲ ਵੀ ਬਿਮਾਰੀ ਜ਼ਿਆਦਾ ਲੱਗਦੀ ਹੈ। ਬੀਜ ਵਾਲੀ ਫਸਲ ਤੇ ਕਣਕ ਦੇ ਨਿਸਰਣ ਸਮੇਂ ਤੇ 200 ਮਿ.ਲਿ. ਟਿਲਟ 25 ਈ ਸੀ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿਚ ਘੋਲ ਕੇ ਇਕ ਛਿੜਕਾਅ ਕਰਨ ਨਾਲ ਕਰਨਾਲ ਬੰਟ ਮੁਕਤ ਬੀਜ ਪੈਦਾ ਕਰ ਸਕਦੇ ਹੋ।

**ਅਮਰਜੀਤ ਸਿੰਘ, ਪੌਦਾ ਰੋਗ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋ. 94630-47280**

## ਮੌਸਮ ਤੇ ਝੁਲਸ ਰੋਗ ਦੀ ਮਾਰ ਕਾਰਨ ਆਲੂ ਦੀ ਪੈਦਾਵਾਰ ਘਟਣ ਦੇ ਆਸਾਰ

ਪੰਜਾਬ 'ਚ ਆਲੂ ਦੀ ਫਸਲ 'ਤੇ ਪਈ ਮੌਸਮ ਤੇ ਝੁਲਸ ਰੋਗ ਦੀ ਮਾਰ ਕਾਰਨ ਆਲੂ ਦੀ ਪੈਦਾਵਾਰ ਘਟਣ ਦੀਆਂ



ਖਬਰਾਂ ਸਾਹਮਣੇ ਆਈਆਂ ਹਨ। ਜਾਣਕਾਰੀ ਅਨੁਸਾਰ ਫਸਲ ਦੀ ਕਾਸ਼ਤ ਸਮੇਂ 38 ਦਿਨ ਪਈ ਧੁੰਦ ਅਤੇ ਜਲੰਧਰ, ਲੁਧਿਆਣਾ ਜਿੱਥੇ ਆਲੂ ਦੀ ਕਾਸ਼ਤ ਵਧੇਰੇ ਕੀਤੀ ਜਾਂਦੀ ਹੈ, ਝੁਲਸ ਰੋਗ ਪੈਣ ਕਾਰਨ ਝਾੜ ਕਾਫੀ ਘੱਟ ਗਿਆ ਹੈ। ਇਹ ਵੀ ਕਿ ਪਿਛਲੇ ਵਰ੍ਹੇ ਉਕਤ ਦੋਵਾਂ ਜ਼ਿਲ੍ਹਿਆਂ ਵਿਚ ਹੀ 12 ਲੱਖ ਟਨ ਦੇ ਕਰੀਬ ਆਲੂ ਉਤਪਾਦਨ ਦਰਜ ਕੀਤਾ ਗਿਆ ਹੈ। ਲੰਘੇ 3 ਵਰ੍ਹਿਆਂ 'ਚ ਆਲੂ ਦਾ ਭਾਅ ਨਾ ਮਿਲਣ ਕਾਰਨ ਆਲੂ ਉਤਪਾਦਕਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਹੈ। ਇਸ ਵਾਰ ਪੈਦਾਵਾਰ ਘੱਟ ਹੋਣ ਕਾਰਨ ਆਲੂ ਦੇ ਭਾਅ ਵਿਚ ਤੇਜ਼ੀ ਬਣੇ ਰਹਿਣ ਦੀ ਸੰਭਾਵਨਾ ਹੈ ਅਤੇ ਇਹ ਤੇਜ਼ੀ ਆਲੂ ਉਤਪਾਦਕਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰ ਸਕਦੀ ਹੈ। ਦੱਸਣਾ ਬਣਦਾ ਹੈ ਕਿ ਦੇਸ਼ ਭਰ ਵਿਚ ਆਲੂਆਂ ਦੀ ਮੰਗ ਨੂੰ ਪੰਜਾਬ ਪੂਰਾ ਕਰਦਾ ਹੈ। ਜਲੰਧਰ, ਲੁਧਿਆਣਾ, ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਬੀਜ ਆਲੂਆਂ ਦੀ ਕਾਸ਼ਤ ਲਈ ਦੇਸ਼ ਦਾ ਸਭ ਤੋਂ ਵਧੀਆ ਖੇਤਰ ਹੈ, ਜਦਕਿ ਉਕਤ ਜ਼ਿਲ੍ਹਿਆਂ ਤੋਂ ਬਾਅਦ ਬਠਿੰਡਾ ਜ਼ਿਲ੍ਹਾ ਦੇ ਰਾਮਪੁਰਾ ਫੂਲ ਦਾ ਡਾਇਮੰਡ ਆਲੂ ਦੀ ਕਾਸ਼ਤ ਵਿਚ ਨਾਂਅ ਬੋਲਦਾ ਹੈ। ਸੂਚਨਾ ਅਨੁਸਾਰ ਪੰਜਾਬ ਅੰਦਰ ਲਗਭਗ 80 ਹਜ਼ਾਰ ਹੈਕਟੇਅਰ ਰਕਬੇ ਹੇਠ ਆਲੂ ਦੀ ਕਾਸ਼ਤ ਹੁੰਦੀ ਹੈ। ਪੰਜਾਬ ਵਿਚ ਕੁਫਰੀ ਜੋਤੀ, ਪੁਖਰਾਜ ਤੇ ਸ਼ੱਕਰ ਰਹਿਤ ਆਲੂ ਦੀਆਂ ਕਿਸਮਾਂ ਕਾਫੀ ਮਸ਼ਹੂਰ ਹਨ। ਪੰਜਾਬ ਵਲੋਂ ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਬਿਹਾਰ, ਗੁਜਰਾਤ, ਆਂਧਰਾ ਪ੍ਰਦੇਸ਼, ਕਰਨਾਟਕ, ਮਹਾਂਰਾਸ਼ਟਰ ਅਤੇ ਹੋਰਾਂ ਨੂੰ ਬੀਜ ਆਲੂ ਦੀ ਸਪਲਾਈ ਕੀਤੀ ਜਾਂਦੀ ਹੈ। ਇਹ ਵਿਚ ਕਿ ਪੰਜਾਬ ਅੰਦਰ 60 ਫੀਸਦੀ ਆਲੂ ਬੀਜ ਭੰਡਾਰਨ ਲਈ 630 ਕੋਲਡ ਸਟੋਰਜ ਸੁਵਿਧਾਵਾਂ ਹਨ। ਵੱਖ-ਵੱਖ ਰਾਜਾਂ ਵਲੋਂ ਮੰਗ ਅਨੁਸਾਰ ਉਕਤ ਕੋਲਡ ਸਟੋਰਜ ਵਿਚੋਂ ਸਪਲਾਈ ਮੁਹੱਈਆ ਕਰਵਾਈ ਜਾਂਦੀ ਹੈ। ਇਹ ਵੀ ਕਿ ਕੁੱਲ ਉਤਪਾਦਨ ਵਿਚੋਂ ਪੰਜਾਬ ਹਰ ਸਾਲ ਲਗਭਗ 12 ਲੱਖ ਦੀ ਖਪਤ ਕਰਦਾ ਹੈ, ਜਿਸ ਵਿਚੋਂ 4 ਲੱਖ ਟਨ ਤੋਂ ਵੱਧ ਬੀਜ ਸ਼ਾਮਿਲ ਹਨ। ਇਹ ਵੀ ਕਿ ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ 5 ਕਰੋੜ ਆਲੂ ਗੱਟਾ ਦੀ ਪੈਦਾਵਾਰ ਰਹੀ ਹੈ, ਜੋ ਇਸ ਵਾਰ ਕੁਦਰਤੀ ਆਫਤ ਕਾਰਨ ਘਟਣ ਦੇ ਆਸਰ ਹਨ, ਕਿਉਂ ਜੋ ਆਲੂ ਉਤਪਾਦਕਾਂ ਵੱਲੋਂ ਹੁਣ ਆਲੂ ਦੀ ਪੁਟਾਈ ਜ਼ੋਰਾਂ 'ਤੇ ਕੀਤੀ ਜਾ ਰਹੀ ਹੈ ਅਤੇ ਝਾੜ ਘੱਟ ਹੋਣ ਬਾਰੇ ਕਿਹਾ ਜਾ ਰਿਹਾ ਹੈ। ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ 6 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਖੇਤ ਵਿਚ ਆਲੂ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਅਤੇ ਆਲੂ ਉਤਪਾਦਕ ਵੱਡੇ ਘਾਟਿਆਂ ਕਾਰਨ ਆਪਣੀਆਂ ਜ਼ਮੀਨਾਂ ਤੱਕ ਵੇਚ ਚੁੱਕੇ ਹਨ ਪਰ ਇਸ ਵਾਰ ਭਾਅ ਚੰਗੇ ਹੋਣ ਦੇ ਚੱਲਦਿਆਂ ਕੁੱਝ ਚੰਗਾ ਹੋਣ ਦੀ ਉਮੀਦ ਬੱਝੀ ਹੈ। ਉਨ੍ਹਾਂ ਮੰਗ ਵੀ ਕੀਤੀ ਹੈ ਕਿ ਰਵਾਇਤੀ ਫਸਲਾਂ ਨੂੰ ਛੱਡ ਕੇ ਖੇਤੀ ਵਿਭਿੰਨਤਾ ਵੱਲ ਮੋੜਾ ਦੇਣ ਲਈ ਕਿਸਾਨਾਂ ਨੂੰ ਆਲੂ ਸਮੇਤ ਹੋਰਨਾਂ ਫਸਲਾਂ 'ਤੇ ਵੀ ਐਮ. ਐਸ. ਪੀ. ਦਿੱਤੀ ਜਾਵੇ।

### ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ 2024 ਵਿੱਚ ਲਗਾਏ ਜਾ ਰਹੇ

## ਕਿਸਾਨ ਮੇਲੇ

| | |
|---|---|
| ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ | ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ |
| ਬਠਿੰਡਾ 12 ਮਾਰਚ | ਫਰੀਦਕੋਟ 18 ਮਾਰਚ |
| ਗੁਰਦਾਸਪੁਰ 20 ਮਾਰਚ | ਰੌਣੀ (ਪਟਿਆਲਾ) 22 ਮਾਰਚ |

**ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ**

**ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 28 ਫਰਵਰੀ ਤੋਂ 1 ਮਾਰਚ ਤੱਕ**


### ਅੰਦਰ ਪੜ੍ਹੋ



ਕਣਕ ਦੀ ਫ਼ਸਲ ਦੇ ਕੀੜਿਆਂ ਦੀ ਸਮੁੱਚੀ ਰੋਕਥਾਮ



ਬੈਕਯਾਰਡ ਪ੍ਰਣਾਲੀ ਵਿੱਚ ਪੰਛੀਆਂ ਤੋਂ ਵਧੇਰੇ ਅੰਡੇ ਉਤਪਾਦਨ ਲਈ ਨੁਕਤੇ



ਮਾਰਚ ਮਹੀਨੇ ਦੇ ਖੇਤੀ ਰੁਝੇਵੇਂ



ਖੇਤੀ ਨੂੰ ਲਾਭਦਾਇਕ ਬਣਾਉਣ ਦਾ ਹਾਈਟੈਕ ਹੱਲ 'ਕਿਸਾਨ ਡਰੋਨ'



**ਸਾਲ 2021-22 ਦੌਰਾਨ ਪੰਜਾਬ ਵਿਚ ਇਸ ਫਸਲ ਦੀ ਕਾਸ਼ਤ 86.8 ਹਜ਼ਾਰ ਹੈਕਟਅਰ ਰਕਬੇ ਕੀਤੀ ਗਈ ਅਤੇ ਇਸ ਦਾ ਔਸਤ ਝਾੜ 821.5 ਕੁਇੰਟਲ ਪ੍ਰਤੀ ਹੈਕਟਅਰ ਰਿਹਾ । ਹੇਠ ਦੱਸੀਆਂ ਉੱਤਮ ਤਕਨੀਕਾਂ ਅਪਨਾ ਕੇ ਇਸ ਫਸਲ ਤੋਂ ਵਧੇਰੇ ਝਾੜ ਅਤੇ ਮੁਨਾਫਾ ਪ੍ਰਾਪਤ ਕੀਤਾ ਜਾ ਸਕਦਾ ਹੈ ।**

# ਕਮਾਦ ਤੋਂ ਵੱਧ ਮੁਨਾਫੇ ਲਈ ਫਸਲ ਉਤਪਾਦਨ ਤਕਨੀਕਾਂ

ਜਸ਼ਨਜੋਤ ਕੌਰ, ਰਾਜਿੰਦਰ ਪਾਲ ਅਤੇ ਕੁਲਦੀਪ ਸਿੰਘ,
ਖੇਤਰੀ ਖੋਜ ਕੇਂਦਰ, ਕਪੂਰਥਲਾ । (ਮੋ. 98140-13044)

**ਜ਼ਮੀਨ ਦੀ ਤਿਆਰੀ** : ਆਮ ਜ਼ਮੀਨਾਂ ਲਈ ਖੇਤ ਦੀ ਤਿਆਰੀ ਕਰਨ ਲਈ ਤਿੰਨ ਤੋਂ ਚਾਰ ਵਹਾਈਆਂ ਉਪਰੰਤ ਸੁਹਾਗਾ ਮਾਰਨ ਨਾਲ ਖੇਤ ਬਿਜਾਈ ਲਈ ਤਿਆਰ ਹੋ ਜਾਂਦਾ ਹੈ । ਖੇਤ ਤਿਆਰ ਕਰਨ ਤੋਂ ਪਹਿਲਾਂ ਜੇਕਰ ਖੇਤ ਵਿਚ 1.0 ਮੀਟਰ × 1.0 ਮੀਟਰ ਦੀ ਦੂਰੀ ਤੇ 45-50 ਸੈਂਟੀਮੀਟਰ ਡੂੰਘਾ ਤਹਿ-ਤੋੜ ਹਲ (ਸਬ-ਸਾਇਲਰ) ਚਲਾ ਦਿੱਤਾ ਜਾਵੇ ਤਾਂ ਜ਼ਮੀਨ ਹੇਠਾਂ ਬਣੀ ਸਖਤ ਤਹਿ ਟੁੱਟ ਜਾਂਦੀ ਹੈ ਜਿਸ ਨਾਲ ਫਸਲ ਦੀਆਂ ਜੜ੍ਹਾਂ ਡੂੰਘੀਆਂ ਜਾਂਦੀਆਂ ਹਨ ।

**ਕਿਸਮ ਦੀ ਚੋਣ** : ਅਗੇਤੀਆਂ ਕਿਸਮਾਂ 8-10 ਮਹੀਨਿਆਂ ਦਾ ਸਮਾਂ ਪੱਕਣ ਲਈ ਲੈਂਦੀਆਂ ਹਨ ਅਤੇ ਨਵੰਬਰ ਤੋਂ ਦਸੰਬਰ ਦੌਰਾਨ ਕਟਾਈ ਲਈ ਤਿਆਰ ਹੋ ਜਾਂਦੀਆਂ ਹਨ, ਪ੍ਰੰਤੂ ਦਰਮਿਆਨੀਆਂ-ਪਿਛੇਤੀਆਂ ਕਿਸਮਾਂ ਜਨਵਰੀ ਤੋਂ ਮਾਰਚ ਦਰਮਿਆਨ ਪੱਕਦੀਆਂ ਹਨ, ਜੋ ਕਿ 10-12 ਮਹੀਨਿਆਂ ਦੌਰਾਨ ਕਟਾਈ ਲਈ ਤਿਆਰ ਹੋ ਜਾਂਦੀਆਂ ਹਨ । ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਵਿਚ ਸੀ. ਓ. ਪੀ. ਬੀ-95, ਸੀ. ਓ.-15023, ਸੀ. ਓ. ਪੀ. ਬੀ-92, ਸੀ. ਓ.-118, ਸੀ. ਓ. ਜੇ-85 ਅਤੇ ਸੀ. ਓ. ਜੇ-64 ਹਨ । ਦਰਮਿਆਨੀ-ਪਿਛੇਤੀ ਪੱਕਣ ਵਾਲੀਆਂ ਕਿਸਮਾਂ ਵਿਚ ਸੀ. ਓ. ਪੀ. ਬੀ-98, ਸੀ. ਓ. ਪੀ. ਬੀ-94, ਸੀ. ਓ. ਪੀ. ਬੀ-91, ਸੀ. ਓ-238 ਅਤੇ ਸੀ. ਓ. ਜੇ-88 ਸ਼ਾਮਲ ਹਨ ।

**ਬੀਜ ਦੀ ਚੋਣ ਅਤੇ ਬੀਜ ਦੀ ਮਾਤਰਾ ਅਤੇ ਬੀਜ ਸੋਧ** : ਬਿਜਾਈ ਲਈ ਹਮੇਸ਼ਾਂ ਗੰਨੇ ਦਾ ਉਪਰਲਾ ਦੋ ਤਿਹਾਈ ਨਰੋਆਂ ਹਿੱਸੇ ਨੂੰ ਹੀ ਵਰਤੋ ਕਿਉਂਕਿ ਉਪਰਲਾ ਹਿੱਸਾ ਤਾਜ਼ਾ ਅਤੇ ਨਰੋਆ ਹੁੰਦਾ ਹੈ, ਜਿਸ ਨਾਲ ਬੀਜ ਦੀ ਉੱਗਣ ਸਮਰੱਥਾ ਵੀ ਵੱਧ ਹੁੰਦੀ ਹੈ । ਬੀਜ ਲਈ ਵਰਤੇ ਜਾਣ ਵਾਲੇ ਗੰਨਿਆਂ ਦੀ ਖੋਰੀ ਨੂੰ ਹਮੇਸ਼ਾਂ ਹੱਥਾਂ ਨਾਲ ਉਤਾਰਨਾ ਚਾਹੀਦਾ ਹੈ । ਇੱਕ ਏਕੜ ਦੀ ਬਿਜਾਈ ਲਈ 20 ਹਜ਼ਾਰ ਗੁੱਲੀਆਂ ਤਿੰਨ ਅੱਖਾਂ ਵਾਲੀਆਂ ਜਾਂ ਚਾਰ ਅੱਖਾਂ ਵਾਲੀਆਂ 15 ਹਜ਼ਾਰ ਗੁੱਲੀਆਂ (ਬਰੋਟੇ) ਜਾਂ ਪੰਜ ਅੱਖਾਂ ਵਾਲੀਆਂ 12 ਹਜ਼ਾਰ ਗੁੱਲੀਆਂ ਕਾਫੀ ਹਨ । ਇੱਕ ਏਕੜ ਦੀ ਬਿਜਾਈ ਲਈ ਕਮਾਦ ਦੀ ਕਿਸਮ ਅਨੁਸਾਰ 30 ਤੋਂ 35 ਕੁਇੰਟਲ ਬੀਜ ਦੀ ਜ਼ਰੂਰਤ ਹੁੰਦੀ ਹੈ । ਕਮਾਦ ਦੀ ਕਿਸਮਾਂ ਜਿਨ੍ਹਾਂ ਦਾ ਗੰਨਾ ਮੋਟਾ ਹੋਵੇ ਜਿਵੇਂ ਸੀ. ਓ. ਪੀ. ਬੀ-95, ਪ੍ਰੰਤੂ ਸੀ. ਓ.-118 ਅਤੇ ਸੀ. ਓ. ਜੇ-85 ਕਿਸਮ ਦੀ ਬਿਜਾਈ ਸਮੇਂ ਤੋਲ ਅਨੁਸਾਰ 10 ਪ੍ਰਤੀਸ਼ਤ ਵੱਧ ਬੀਜ ਦੀ ਵਰਤੋਂ ਕਰੋ । ਜੇਕਰ ਗੰਨੇ ਦੀਆਂ ਪੋਰੀਆਂ ਦੀ ਲੰਬਾਈ ਘੱਟ ਹੋਵੇ ਤਾਂ ਗੁੱਲੀਆਂ (ਬਰੋਟਿਆਂ) ਦੇ ਵਿਚਕਾਰ ਬਣਦਾ ਫਾਸਲਾ ਵਧਾ ਦਿਓ । ਕਮਾਦ ਦੀ ਬਿਜਾਈ ਸਮੇਂ 1 ਮੀਟਰ ਵਿਚ ਲਗਭਗ 12 ਅੱਖਾਂ ਬੀਜੀਆਂ ਚਾਹੀਦੀਆਂ ਹਨ । ਜੇਕਰ ਪੋਰੀਆਂ ਦੀ ਲੰਬਾਈ ਜ਼ਿਆਦਾ ਹੋਵੇ ਤਾਂ ਬਿਜਾਈ ਸਮੇਂ ਇਕ ਬਰੋਟੇ ਨੂੰ ਦੂਸਰੇ ਬਰੋਟੇ ਤੇ ਚੜ੍ਹਾ ਦੇ ਬੀਜੋ । ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਬਣਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਬਰੋਟਿਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿਚ ਡੋਬ ਲਵੋ ।

**ਬਿਜਾਈ ਦਾ ਸਮਾਂ** : ਅਗੇਤੀਆਂ ਕਿਸਮਾਂ ਦੀ ਬਿਜਾਈ ਮਾਰਚ ਤੋਂ ਬਾਅਦ ਨਾ ਕਰੋ, ਕਿਉਂਕਿ ਅਪ੍ਰੈਲ ਵਿਚ ਤਾਪਮਾਨ ਵੱਧਣਾ ਸ਼ੁਰੂ ਹੋ ਜਾਂਦਾ ਹੈ । ਇਸ ਲਈ ਪਿਛੇਤੀ ਬਿਜਾਈ ਤੋਂ ਸੰਕੋਚ ਕਰਨਾ ਚਾਹੀਦਾ । ਜੇਕਰ ਕਿਸੇ ਹਾਲਤ ਵਿਚ ਪਿਛੇਤੀ ਬਿਜਾਈ ਕਰਨੀ ਹੋਵੇ ਤਾਂ ਹੇਠ ਦੱਸੇ ਨੁਕਤੇ ਧਿਆਨ ਵਿਚ ਜਰੂਰ ਰੱਖੋ ।

★ ਪਿਛੇਤੀ ਬਿਜਾਈ ਲਈ ਕੋਈ ਵੀ ਦਰਮਿਆਨੀ-ਪਿਛੇਤੀ ਕਿਸਮ ਹੀ ਬੀਜੋ ।

★ ਬੀਜ ਦੀ ਮਾਤਰਾ ਜ਼ਿਆਦਾ ਵਰਤੋ, ਇਕ ਏਕੜ ਲਈ ਤਿੰਨ ਅੱਖਾਂ ਵਾਲੇ 30 ਹਜ਼ਾਰ ਬਰੋਟੇ ਵਰਤੋ ।

★ ਅਗੇਤੀ ਫੋਟ ਦੇ ਗੜੂੰਏਂ ਦੀ ਰੋਕਥਾਮ ਪੂਰੀ ਤਰ੍ਹਾਂ ਕਰੋ ਕਿਉਂਕਿ ਇਸ ਦਾ ਹਮਲਾ ਪਿਛੇਤੀ ਫਸਲ ਤੇ ਜ਼ਿਆਦਾ ਹੁੰਦਾ ਹੈ ।

**ਬਿਜਾਈ ਦਾ ਢੰਗ**

**1. ਖਾਲੀ ਵਿਧੀ ਰਾਹੀਂ ਗੰਨੇ ਦੀ ਬਿਜਾਈ** : ਇਸ ਵਿਧੀ ਰਾਹੀਂ ਬਿਜਾਈ ਕਰਨ ਲਈ ਖਾਲੀਆਂ ਵਿਚਕਾਰ ਫਾਸਲਾ 75 ਸੈਂਟੀਮੀਟਰ ਅਤੇ ਖਾਲੀਆਂ ਦੀ ਡੂੰਘਾਈ 20-25 ਸੈਂਟੀਮੀਟਰ ਰੱਖੋ । ਖਾਲੀਆਂ ਵਿਚਕਾਰ ਫਾਸਲਾ 120 ਸੈਂਟੀਮੀਟਰ ਤੱਕ ਵੀ ਵਧਾਇਆ ਜਾ ਸਕਦਾ ਹੈ ।

**2. ਦੋ ਕਤਾਰੀ ਖਾਲੀ ਵਿਧੀ (90:30/120:30 ਸੈਂਟੀਮੀਟਰ)** : ਇਸ ਵਿਧੀ ਨਾਲ ਫਸਲ ਦੀ ਬਿਜਾਈ ਦੋ ਕਤਾਰਾਂ ਵਿੱਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿੱਚ ਕਰੋ । ਇੱਕ ਖਾਲੀ ਤੋਂ ਦੂਸਰੀ ਖਾਲੀ ਦਾ ਫਾਸਲਾ ਤਿੰਨ ਫੁੱਟ ਤੱਕ ਰੱਖੋ ਜੋ ਕਿ 4 ਫੁੱਟ ਤੱਕ ਵੀ ਵਧਾਇਆ ਜਾ ਸਕਦਾ ਹੈ । ਖਾਲੀ ਵਿਚ ਗੰਨੇ ਦੀਆਂ ਦੋ ਕਤਾਰਾਂ ਬੀਜਣ ਵਾਸਤੇ ਸ਼ੂਗਰਕੇਨ ਟਰੈਂਚ ਪਲਾਂਟਰ ਵਰਤੋ । ਇਹ ਵਿਧੀ ਬਿਜਾਈ ਤੇ ਆਉਣ ਵਾਲੇ ਖਰਚ ਨੂੰ 25% ਤੱਕ ਘਟਾਇਆ ਜਾ ਸਕਦਾ ਹੈ । ਇਸ ਨਾਲ ਇਕ ਦਿਨ ਵਿਚ 2-3 ਏਕੜ ਬਿਜਾਈ ਕੀਤੀ ਜਾ ਸਕਦੀ ਹੈ ।

**ਅੰਤਰ ਫਸਲਾਂ** : ਬਸੰਤ ਰੁੱਤ ਦੇ ਕਮਾਦ ਵਿਚ ਅੰਤਰ-ਫਸਲਾਂ ਜਿਵੇਂ ਕਿ ਗਰਮੀਆਂ ਦੀ ਮੂੰਗੀ, ਗਰਮੀਆਂ ਦੇ ਮਾਂਹ, ਭਿੰਡੀ, ਖੀਰਾ ਅਤੇ ਜਾਪਾਨੀ ਪੁਦੀਨਾ ਨਾਲ ਵੀ ਬੀਜਿਆ ਜਾ ਸਕਦਾ ਹੈ ।

**ਖਾਦਾਂ ਦੀ ਵਰਤੋਂ** :

**ਜੀਵਕ ਅਤੇ ਜੀਵਾਣੂੰ ਖਾਦਾਂ** : ਜੇਕਰ ਬਿਜਾਈ ਤੋਂ 15 ਦਿਨ ਪਹਿਲਾਂ ਅੱਠ ਟਨ ਰੂੜੀ ਦੀ ਖਾਦ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਗਈ ਹੋਵੇ ਤਾਂ 40 ਕਿਲੋਗਰਾਮ ਨਾਈਟਰੋਜਨ (90 ਕਿਲੋਗਰਾਮ ਯੂਰੀਆ) ਪ੍ਰਤੀ ਏਕੜ ਪਾਓ । ਜੇਕਰ ਰੂੜੀ ਦੀ ਖਾਦ ਘੱਟ ਹੋਵੇ ਤਾਂ ਜੈਵਿਕ ਖਾਦਾਂ ਅਜ਼ੋਟੋਬੈਕਟਰ / ਕਨਸੋਰਸ਼ੀਅਮ 4 ਕਿਲੋਗਰਾਮ ਅਤੇ 4 ਟਨ ਰੂੜੀ ਖਾਦ ਪ੍ਰਤੀ ਏਕੜ ਬੀਜੜ ਅਤੇ ਮੂਢੀ ਫਸਲ ਨੂੰ ਪਾਓ । ਜੀਵਾਣੂੰ ਖਾਦ ਦਾ ਇਹ ਟੀਕਾ ਪੀ ਏ ਯੂ ਦੀ ਬੀਜਾਂ ਦੀ ਦੁਕਾਨ, ਗੇਟ ਨੰ. 1, ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ ।

**ਰਸਾਇਣਕ ਖਾਦਾਂ ਅਤੇ ਉਹਨਾਂ ਦੇ ਪਾਉਣ ਦਾ ਸਮਾਂ** : ਬੀਜੜ ਫਸਲ ਲਈ 60 ਕਿਲੋਗਰਾਮ ਨਾਈਟ੍ਰੋਜਨ ਪ੍ਰਤੀ ਏਕੜ (130 ਕਿਲੋਗਰਾਮ ਯੂਰੀਆ) ਦੀ ਵਰਤੋਂ ਕਰੋ । ਬੀਜੜ ਫਸਲ ਨੂੰ ਨਾਈਟ੍ਰੋਜਨ ਖਾਦ ਦਾ ਅੱਧਾ ਹਿੱਸਾ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਲਾਈਨਾਂ ਦੇ ਨਾਲ ਕੇਰਾ ਕਰੋ ਜਾਂ ਡਰਿਲ ਕਰੋ ਅਤੇ ਬਾਕੀ ਅੱਧੀ ਖਾਦ ਇਸੇ ਤਰੀਕੇ ਨਾਲ ਮਈ/ਜੂਨ ਵਿੱਚ ਡਰਿਲ ਕਰ ਦਿਓ । ਫਾਸਫੋਰਸ ਵਾਲੀ ਖਾਦ (ਮਿੱਟੀ ਪਰਖ ਅਨੁਸਾਰ) ਸਿਆੜਾਂ ਵਿਚ ਬਰੋਟਿਆਂ ਦੇ ਹੇਠਾਂ ਪਾਓ । ਲੋਹੇ ਦੀ ਘਾਟ ਆਉਣ ਤੇ 1 ਪ੍ਰਤੀਸ਼ਤ ਲੋਹੇ ਦੇ 2-3 ਛਿੜਕਾਅ ਕਰੋ ।

ਕਮਾਦ ਦੀ ਫਸਲ ਨੂੰ ਤੁਪਕਾ ਸਿੰਚਾਈ ਵਿਧੀ ਨਾਲ ਖਾਦ ਵੀ ਪਾਈ ਜਾ ਸਕਦੀ ਹੈ । ਬੀਜੜ ਕਮਾਦ ਲਈ 104 ਕਿਲੋ ਯੂਰੀਆ ਅਤੇ ਮੂਢੇ ਕਮਾਦ ਲਈ 156 ਕਿਲੋ ਯੂਰੀਆ ਪ੍ਰਤੀ ਏਕੜ 1-0 ਬਰਾਬਰ ਕਿਸ਼ਤਾਂ ਵਿਚ ਤੁਪਕਾ ਸਿੰਚਾਈ ਰਾਹੀਂ ਪਾਓ । ਖਾਦ ਦੀ ਪਹਿਲੀ ਕਿਸ਼ਤ ਅਪ੍ਰੈਲ ਤੋਂ ਸ਼ੁਰੂ ਕਰਕੇ 90-100 ਦਿਨਾਂ ਦੌਰਾਨ ਖਤਮ ਕਰ ਦਿਓ ।

**ਨਦੀਨਾਂ ਦੀ ਰੋਕਥਾਮ** : ਫਸਲ ਦੀ ਬਿਜਾਈ ਹਮੇਸ਼ਾਂ ਵੱਤਰ/ਤਰ-ਵੱਤਰ ਤੇ ਕਰਨੀ ਚਾਹੀਦੀ ਹੈ ਤਾਂ ਜੋ ਬਿਜਾਈ ਅਤੇ ਪਹਿਲੇ ਪਾਣੀ ਵਿਚਕਾਰ ਸਮਾਂ ਵਧਾਇਆ ਜਾ ਸਕੇ । ਜੋ ਕਿ ਪਹਿਲੇ ਪਾਣੀ ਤੋਂ ਬਾਅਦ ਉੱਗਣ ਵਾਲੇ ਨਦੀਨਾਂ ਦੀ ਭਰਮਾਰ ਨੂੰ ਘਟਾਉਣ ਵਿਚ ਸਹਾਈ ਹੁੰਦੀ ਹੈ । ਨਦੀਨਾਂ ਦੀ ਰੋਕਥਾਮ ਲਈ ਟਰੈਕਟਰ ਨਾਲ ਚੱਲਣ ਵਾਲੇ ਤ੍ਰਿਫਾਲੀ ਜਾਂ ਰੋਟਰੀ ਵੀਡਰ ਨਾਲ 2-3 ਗੋਡੀਆਂ ਕਰੋ । ਇਸ ਦੇ ਨਾਲ ਹੀ ਖੇਤੀ ਰਸਾਇਣਾਂ ਦੀ ਵਰਤੋਂ ਕਰਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਬਿਜਾਈ ਤੋਂ 2-3 ਦਿਨਾਂ ਅੰਦਰ ਪ੍ਰਤੀ ਏਕੜ 800 ਗ੍ਰਾਮ ਐਟਰਾਟਾਫ / ਸੈਲਾਰੋ / ਮਾਸਟਾਫ / ਮਾਰਕਾਜੀਨ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਡਾਈਯੂਰੋਨ ਨੂੰ ਜਾਂ 1000 ਗ੍ਰਾਮ ਅਥਾਰਟੀ ਐਨ ਐਕਸ ਟੀ 58 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਮੌਸਮੀ ਨਦੀਨਾਂ ਦੀ ਰੋਕਥਾਮ ਹੋ ਜਾਂਦੀ ਹੈ । ਜਿਹਨਾਂ ਜ਼ਮੀਨਾਂ ਵਿਚ ਸਖਤ ਨਦੀਨ ਜਿਵੇਂ ਕਿ ਬਾਂਸ ਪੱਤੇ ਦੀ ਭਰਮਾਰ ਹੋਵੇ ਉਸ ਦੀ ਰੋਕਥਾਮ ਲਈ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਹੀ ਵਰਤੋਂ । ਡੀਲੇ ਦੀ ਰੋਕਥਾਮ ਲਈ ਖੜ੍ਹੀ ਫਸਲ ਵਿਚ 800 ਗ੍ਰਾਮ ਪ੍ਰਤੀ ਏਕੜ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2, 4-ਡੀ ਅਮਾਈਨ ਸਾਲਟ-58 ਐਸ. ਐਲ ਦਾ ਛਿੜਕਾਅ ਕਰੋ ।

**ਮਲਚਿੰਗ ਨਾਲ ਨਮੀਂ ਦੀ ਸੰਭਾਲ** : ਅੱਧ ਅਪ੍ਰੈਲ ਮਹੀਨੇ ਦੌਰਾਨ ਜਦੋਂ ਕਮਾਦ ਪੂਰੀ ਤਰ੍ਹਾਂ ਉੱਗ ਜਾਵੇ ਤਾਂ

ਬਾਕੀ ਸਫਾ 6 'ਤੇ

**ਸਾਰਣੀ 1 : ਬਸੰਤ ਰੁੱਤ ਦੇ ਕਮਾਦ ਵਿਚ ਸਿਫਾਰਿਸ਼ ਕੀਤੀਆਂ ਅੰਤਰ ਫਸਲਾਂ**

| ਸਿਫਾਰਿਸ਼ | ਗਰਮ ਰੁੱਤੀ ਮੂੰਗੀ | ਗਰਮ ਰੁੱਤੇ ਮਾਂਹ | ਜਾਪਾਨੀ ਪੁਦੀਨਾ | ਭਿੰਡੀ | ਖੀਰਾ |
|---|---|---|---|---|---|
| ਬੀਜ ਦੀ ਮਾਤਰਾ (ਕਿਲੋ/ਏਕੜ) | 4.0 | 5.0 | 100.0 (ਜੜ੍ਹਾਂ) | 9.0-11.0 | 1.0 |
| ਬਿਜਾਈ ਦਾ ਸਮਾਂ | 20 ਮਾਰਚ-10 ਅਪ੍ਰੈਲ | 15 ਮਾਰਚ-7 ਅਪ੍ਰੈਲ | ਫਰਵਰੀ ਦਾ ਪਹਿਲਾ ਪੰਦਰਵਾੜਾ | ਫਰਵਰੀ ਦਾ ਦੂਜਾ ਪੰਦਰਵਾੜਾ | ਫਰਵਰੀ ਦਾ ਦੂਜਾ ਪੰਦਰਵਾੜਾ |
| ਕਤਾਰਾਂ ਦੀ ਗਿਣਤੀ (ਗੰਨੇ ਦੀਆਂ ਦੋ ਕਤਾਰਾਂ ਵਿਚਕਾਰ) | ਇੱਕ | ਇੱਕ | ਇੱਕ | ਦੋ ਕਤਾਰਾਂ 45 ਸੈਂ. ਮੀ. ਵਕਫੇ ਤੇ | ਇੱਕ |
| ਖਾਦਾਂ (ਕਿਲੋ/ਏਕੜ) ਕਮਾਦ ਦੀ ਫਸਲ ਲਈ ਸਿਫਾਰਸ਼ ਕੀਤੀਆਂ ਖਾਦਾਂ ਤੋਂ ਇਲਾਵਾ | -- | -- | 18 ਕਿਲੋ ਨਾਈਟ੍ਰੋਜਨ (39 ਕਿਲੋ ਯੂਰੀਆ) ਤੇ 10 ਕਿਲੋ ਫਾਸਫੋਰਸ (62 ਕਿਲੋ ਸਿੰਗਲ ਸੁਪਰਫਾਸਫੇਟ) | 36 ਕਿਲੋ ਨਾਈਟ੍ਰੋਜਨ (80 ਕਿਲੋ ਯੂਰੀਆ) | 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ (125 ਕਿਲੋ ਸੁਪਰਫਾਸਫੇਟ) ਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) |





# ਕਣਕ ਦੀ ਫਸਲ ਦੇ ਕੀੜਿਆਂ ਦੀ ਸਮੁੱਚੀ ਰੋਕਥਾਮ

ਜਗਦੀਪ ਕੌਰ, ਰਾਕੇਸ਼ ਕੁਮਾਰ ਸ਼ਰਮਾ ਅਤੇ ਬੇਅੰਤ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ (ਲੁਧਿਆਣਾ) ਮੋ. 95926-97407

## ਸਿਉਂਕ

ਸਿਉਂਕ ਫਸਲ ਬੀਜਣ ਦੇ ਛੇਤੀ ਪਿੱਛੋਂ ਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਨਾਲ ਬੂਟੇ ਸੁੱਕ ਜਾਂਦੇ ਹਨ ਅਤੇ ਕਰੇ ਹੋਏ ਬੂਟੇ ਸੌਖੇ ਹੀ ਪੁੱਟੇ ਜਾ ਸਕਦੇ ਹਨ। ਜੇਕਰ ਹਮਲਾ ਫਸਲ ਦੇ ਸਿੱਟਿਆਂ ਪੈਣ ਸਮੇਂ ਹੋਵੇ ਤਾਂ ਸਿੱਟੇ ਚਿੱਟੇ ਰੰਗ ਦੇ ਹੋ ਜਾਂਦੇ ਹਨ ਅਤੇ ਉਹਨਾਂ ਵਿਚ ਦਾਣੇ ਨਹੀਂ ਪੈਂਦੇ।

**ਰੋਕਥਾਮ :**

★ ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੈਥੋਕਸਮ ਜਾਂ 160 ਮਿਲੀਲਿਟਰ ਰੂਬਾਨ / ਡਰਮਨ 20 ਈ ਸੀ (ਕਲੋਰਪਾਈਰੀਫਾਸ) ਜਾਂ 80 ਮਿਲੀਲਿਟਰ ਨਿਓਨਿਕਸ 20 ਐਫ ਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਲੈ ਕੇ ਇੱਕ ਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼, ਤਰਪਾਲ



ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ। ਨਿਓਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ। ਕੀਟਨਾਸ਼ਕ ਨਾਲ ਸੋਧੇ ਹੋਏ ਬੀਜ ਦਾ ਉੱਗਣ ਸਮੇਂ ਪੰਛੀ ਘੱਟ ਨੁਕਸਾਨ ਕਰਦੇ ਹਨ।

★ ਆਮ ਤੌਰ ਤੇ ਸਿਉਕਿ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿਚ ਜ਼ਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਇਹ ਕੁੱਝ ਹੱਦ ਤੱਕ ਠੀਕ ਹੋ ਜਾਂਦਾ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੌਰਟਲ 0.3 ਜੀ (ਫਿਪਰੋਨਿਲ) ਜਾਂ 1.2 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 29 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛਿੱਟਾ ਦੇਵੋ।

## ਤਣੇ ਦੀ ਗੁਲਾਬੀ ਸੁੰਡੀ

ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ ਵਿਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ ਅਤੇ ਅਖੀਰ ਵਿਚ ਮਰ ਜਾਂਦੇ ਹਨ।

**ਰੋਕਥਾਮ :** ★ ਜੇਕਰ ਪਿਛਲੀ ਝੋਨੇ ਦੀ ਫਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਕਣਕ ਦੀ ਬਿਜਾਈ ਅਕਤੂਬਰ ਵਿਚ ਨਾ ਕਰੋ।

★ ਕਣਕ ਦੀ ਫਸਲ ਦੀ ਦਿਨ ਸਮੇਂ ਪਾਣੀ ਲਗਾਉਣ ਨੂੰ ਤਰਜੀਹ ਦੇਵੋ ਤਾਂ ਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ।

## ਚੇਪਾ

ਕਣਕ ਦਾ ਚੇਪਾ ਠੰਢ ਦੇ ਮੌਸਮ ਵਿਚ ਬਹੁਤ ਤੇਜ਼ੀ ਨਾਲ ਵਧਦਾ ਹੈ ਅਤੇ



ਕਣਕ ਦੇ ਸਿੱਟੇ ਪੈਣ ਵੇਲੇ, ਫਰਵਰੀ-ਮਾਰਚ ਦੇ ਸਮੇਂ ਦੌਰਾਨ ਇਸ ਦੀ ਸੰਖਿਆ ਬਹੁਤ ਜ਼ਿਆਦਾ ਵਧ ਜਾਂਦੀ ਹੈ। ਮਾਦਾ ਚੇਪਾ ਸੰਭੋਗ ਕੀਤੇ ਬਿਨ੍ਹਾਂ ਹੀ ਪ੍ਰਜਣਨ ਦੇ ਸਮਰੱਥ ਹੁੰਦੀ ਹੈ ਅਤੇ ਬੱਚੇ ਪੈਦਾ ਕਰਦੀ ਹੈ। ਕਣਕ ਦੇ ਪੱਕਣ ਸਮੇਂ, ਖੰਭਾਂ ਵਾਲੇ ਨਰ ਅਤੇ ਮਾਦਾ ਚੇਪਾ ਬਣ ਜਾਂਦੇ ਹਨ ਜੋ ਕਿ ਦੂਜੀਆਂ ਫਸਲਾਂ ਤੇ ਪ੍ਰਵਾਸ ਕਰ ਜਾਂਦੇ ਹਨ।

**ਹਮਲੇ ਦੀਆਂ ਨਿਸ਼ਾਨੀਆਂ :**

★ ਚੇਪੇ ਦੇ ਬੱਚੇ ਅਤੇ ਬਾਲਗ ਦੋਨੋਂ ਹੀ ਪੱਤਿਆਂ ਦਾ ਰਸ ਚੂਸਦੇ ਹਨ ਜਿਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਫਸਲ ਦਾ ਝਾੜ ਘੱਟ ਜਾਂਦਾ ਹੈ।

★ ਚੇਪੇ ਦਾ ਜ਼ਿਆਦਾ ਅਤੇ ਲੰਬੇ ਸਮੇਂ ਤੱਕ ਹਮਲਾ ਉਸ ਫਸਲ ਵਿਚ ਹੁੰਦਾ ਹੈ ਜਿਸ ਵਿਚ ਸਿਫਾਰਿਸ਼ ਤੋਂ ਜ਼ਿਆਦਾ ਖਾਦਾਂ ਅਤੇ ਪਾਣੀ ਦੀ ਵਰਤੋਂ ਕੀਤੀ ਹੋਵੇ ਜਿਸ ਨਾਲ ਫਸਲ ਦਾ ਹਰਾ ਮਾਦਾ ਅਤੇ ਰਸ ਵੱਧ ਜਾਂਦਾ ਹੈ।

**ਰੋਕਥਾਮ :** ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ 'ਤੇ) ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦਾ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ ਜੀ (ਥਾਇਆਮੈਥੋਕਸਮ) ਦਾ ਇਕ ਛਿੜਕਾਅ, 80-100 ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਨੈਪਸੈਕ ਪੰਪ ਨਾਲ ਕਰੋ।

**ਘਰ ਬਣਾਏ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ :** ਚਾਰ ਕਿਲੋ



ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ।

**ਚੇਪੇ ਦੀ ਰੋਕਥਾਮ ਲਈ ਸਿਫਾਰਿਸ਼ ਕੀਟਨਾਸ਼ਕਾਂ ਦੀ ਵਰਤੋਂ ਸਮੇਂ ਸਾਵਧਾਨੀਆਂ**

ਚੇਪੇ ਦੀ ਕੀਟਨਾਸ਼ਕਾਂ ਨਾਲ ਰੋਕਥਾਮ ਸਿੱਟੇ ਪੈਣ ਵਲੇ ਕਰੋ। ਕਿਉਂਕਿ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ਤੇ ਹੁੰਦਾ ਹੈ। ਇਸ ਲਈ ਕੀਟਨਾਸ਼ਕਾਂ ਦਾ ਛਿੜਕਾਅ ਸਿਰਫ ਅਜਿਹੇ ਹਮਲੇ ਵਾਲੇ ਹਿੱਸੇ ਤੇ ਹੀ ਕਰੋ ਤਾਂ ਕਿ ਚੇਪੇ ਦਾ ਹਮਲਾ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ।

## ਸੈਨਿਕ ਸੁੰਡੀ

ਇਹ ਸੁੰਡੀ ਕਣਕ, ਮੱਕੀ ਬਾਜਰਾ, ਜੌਆਂ ਆਦਿ ਦੀ ਫਸਲਾਂ ਦਾ ਨੁਕਸਾਨ ਕਰਦੀ ਹੈ। ਇਸ ਦੇ ਬਾਲਗ ਫਿੱਕੇ ਭੂਰੇ ਰੰਗ ਦੇ ਹੁੰਦੇ ਹਨ ਜਦੋਂ ਕਿ ਨਵੀਆਂ ਸੁੰਡੀਆਂ ਘਸਮੈਲੇ ਚਿੱਟੇ ਰੰਗ ਦੀਆਂ ਹੁੰਦੀਆਂ ਹਨ ਅਤੇ ਬਾਅਦ ਵਿਚ ਹਰੇ ਰੰਗ ਦੀਆਂ ਹੋ ਜਾਂਦੀਆਂ ਹਨ। ਇਸ ਸੁੰਡੀ ਦਾ ਹਮਲਾ ਮਾਰਚ-ਅਪ੍ਰੈਲ ਦੇ ਮਹੀਨੇ ਵਿਚ ਜ਼ਿਆਦਾ ਹੁੰਦਾ ਹੈ।

**ਹਮਲੇ ਦੀਆਂ ਨਿਸ਼ਾਨੀਆਂ :**

★ ਫਸਲ ਦੇ ਸ਼ੁਰੂਆਤੀ ਸਮੇਂ ਦੌਰਾਨ, ਨਵੀਆਂ ਸੁੰਡੀਆਂ ਨਰਮ ਪੱਤਿਆਂ ਨੂੰ ਖਾਂਦੀਆਂ ਹਨ।

★ ਵੱਡੀਆਂ ਸੁੰਡੀਆਂ ਪੁਰਾਣੇ ਪੱਤਿਆਂ ਨੂੰ ਖਾ ਕੇ ਫਸਲ ਦਾ ਬੁਰੀ ਤਰ੍ਹਾਂ ਨੁਕਸਾਨ ਕਰ ਦਿੰਦੀਆਂ ਹਨ। ਇਹ ਸੁੰਡੀਆਂ ਕਾਫੀ ਮਾਤਰਾ ਵਿਚ ਮਲ-ਮੂਤਰ ਛੱਡ ਦਿੰਦੀਆਂ ਹਨ ਜਿਸ ਦਾ ਆਸਾਨੀ ਨਾਲ ਪਤਾ ਲੱਗ ਜਾਂਦਾ ਹੈ।

★ ਜ਼ਿਆਦਾ ਹਮਲੇ ਦੀ ਸੂਰਤ ਵਿਚ ਸਾਰੇ ਪੱਤੇ ਖਾਧੇ ਜਾਂਦੇ ਹਨ ਅਤੇ ਖੇਤ ਨੂੰ ਦੇਖ ਕੇ ਇੰਝ ਲੱਗਦਾ ਹੈ ਜਿਵੇਂ ਪਸ਼ੂਆਂ ਦੁਆਰਾ ਚਰਿਆ ਹੋਵੇ।

★ ਇਸ ਦੀਆਂ ਸੁੰਡੀਆਂ ਸਿੱਟੇ ਅਤੇ ਦਾਣਿਆਂ ਤੇ ਵੀ ਹਮਲਾ ਕਰ ਕੇ ਉਹਨਾਂ ਨੂੰ ਖਾਂਦੀਆਂ ਹਨ।

**ਰੋਕਥਾਮ :** ਇਸ ਦੀ ਰੋਕਥਾਮ ਲਈ 400 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਨੈਪਸੈਕ ਪੰਪ ਨਾਲ ਛਿੜਕਾਅ ਕਰੋ।

## ਭੂਰੀ ਜੂੰ

ਇਸ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ। ਇਹ ਬਹੁਤ ਹੀ ਛੋਟੇ ਆਕਾਰ ਦੀ ਜੂੰ ਹੈ ਅਤੇ ਇਸ ਦਾ ਹਮਲਾ ਬਰਾਨੀ ਫਸਲ ਉੱਪਰ ਜ਼ਿਆਦਾ ਹੁੰਦਾ ਹੈ।



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 07
ਮਿਤੀ 17-02-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


**ਨੋਟ**

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।


Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਜੇਕਰ ਕਿਸਾਨ ਅੰਦੋਲਨ ਜਾਰੀ ਰਿਹਾ ਤਾਂ ਹੋਵੇਗਾ 50,000 ਕਰੋੜ ਦਾ ਨੁਕਸਾਨ : ਕੈਟ

ਕਿਸਾਨਾਂ ਦਾ ਮੁੱਦਾ ਜ਼ੋਰ ਫੜਦਾ ਜਾ ਰਿਹਾ ਹੈ । ਜੇ ਇਹ ਅੰਦੋਲਨ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇਸ ਵਾਰ ਵੀ ਕਰੀਬ 50,000 ਕਰੋੜ ਦੇ ਕਾਰੋਬਾਰ ਦਾ ਨੁਕਸਾਨ ਹੋ ਸਕਦਾ ਹੈ । ਇਹ ਕਹਿਣਾ ਹੈ ਦੇਸ਼ ਦੇ ਕਾਰੋਬਾਰੀਆਂ ਦੀ ਸੰਸਥਾ ਕਨਫੈੱਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਦਾ ।

ਇਕ ਇੰਟਰਵਿਊ 'ਚ ਕੈਟ ਦੇ ਕੌਮੀ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਦਿੱਲੀ ਵਿਚ ਆਉਣ ਵਾਲੇ ਅਤੇ ਦਿੱਲੀ ਤੋਂ ਬਾਹਰ ਜਾਣ ਵਾਲੇ ਮਾਲ ਦੀ ਆਵਾਜਾਈ 'ਚ ਕੋਈ ਰੁਕਾਵਟ ਨਾ ਆਵੇ, ਇਸ ਲਈ ਸਰਕਾਰ ਜ਼ਰੂਰੀ ਵਿਵਸਥਾ ਕਰੇ ਅਤੇ ਕਿਸਾਨਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਵੀ ਇਸ ਗੱਲ ਨੂੰ ਯਕੀਨੀ ਕਰਨ ।

ਖੰਡੇਲਵਾਲ ਦਾ ਕਹਿਣਾ ਹੈ ਕਿ ਆਪਣੇ ਮੁੱਦਿਆਂ ਲਈ ਆਵਾਜ਼ ਉਠਾਉਣਾ ਸਾਰਿਆਂ ਦਾ ਲੋਕਤੰਤਰਿਕ ਅਧਿਕਾਰ ਹੈ ਪਰ ਆਵਾਜ਼ ਉਠਾਉਣ ਵਾਲਿਆਂ ਦਾ ਇਹ ਫਰਜ਼ ਹੈ ਕਿ ਉਨ੍ਹਾਂ ਦੇ ਆਵਾਜ਼ਾਂ ਉਠਾਉਣ ਦੇ ਤਰੀਕੇ ਨਾਲ ਕਿਸੇ ਹੋਰ ਦੇ ਲੋਕਤੰਤਰਿਕ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ ।

ਇਸ ਸੰਦਰਭ ਵਿਚ ਕਨਫੈੱਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਨੇ ਕਿਹਾ ਕਿ ਜਿਸ ਤਰ੍ਹਾਂ ਕਿਸਾਨ ਅੰਦੋਲਨ ਨੂੰ ਲੈ ਕੇ ਬਿਆਨ ਆ ਰਹੇ ਹਨ, ਉਸ ਨਾਲ ਦਿੱਲੀ ਦੇ ਵਪਾਰੀ ਚਿੰਤਤ ਹਨ ਪਰ ਸਰਕਾਰ 'ਤੇ ਭਰੋਸਾ ਹੈ ਕਿ ਉਹ ਇਸ ਅੰਦੋਲਨ ਕਾਰਨ ਦਿੱਲੀ ਦੇ ਵਪਾਰ ਨੂੰ ਪ੍ਰਭਾਵਿਤ ਨਹੀਂ ਹੋਣ ਦੇਵੇਗੀ ।

ਕੈਟ ਦੇ ਦਿੱਲੀ ਦੇ ਉਪ ਰਾਜਪਾਲ ਵੀ. ਕੇ. ਸਕਸੇਨਾ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਵਿਚ ਮਾਲ ਦੀ ਆਵਾਜਾਈ ਨਿਰਵਿਘਨ ਤੌਰ 'ਤੇ ਚਲਦੀ ਰਹੇ, ਇਸ ਨੂੰ ਯਕੀਨੀ ਕੀਤਾ ਜਾਵੇ । ਇਸ ਕੰਮ ਵਿਚ ਦਿੱਲੀ ਦੇ ਵਪਾਰੀ ਸਰਕਾਰ ਦਾ ਸਹਿਯੋਗ ਕਰਨ ਲਈ ਤਿਆਰ ਹਨ । ਦਿੱਲੀ ਨਾ ਤਾਂ ਖੇਤੀਬਾੜੀ ਸੂਬਾ ਹੈ ਅਤੇ ਨਾ ਹੀ ਉਦਯੋਗਿਕ ਸੂਬਾ ਸਗੋਂ ਦਿੱਲੀ ਦੇਸ਼ ਦਾ ਸਭ ਤੋਂ ਵੱਡਾ ਵਪਾਰਕ ਡਿਸਟ੍ਰੀਬਿਊਸ਼ਨ ਕੇਂਦਰ ਹੈ, ਜਿੱਥੇ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਦਿੱਲੀ 'ਚ ਮਾਲ ਆਉਂਦਾ ਹੈ ਅਤੇ ਦਿੱਲੀ ਦੇ ਦੇਸ਼ ਦੇ ਕਈ ਸੂਬਿਆਂ ਵਿਚ ਮਾਲ ਜਾਂਦਾ ਹੈ । ਜੇ ਸਪਲਾਈ ਚੇਨ 'ਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਆਉਂਦੀ ਹੈ ਤਾਂ ਉਸ ਦਾ ਉਲਟ ਅਸਰ ਦਿੱਲੀ ਅਤੇ ਗੁਆਂਢੀ ਸੂਬਿਆਂ ਦੇ ਵਪਾਰ 'ਤੇ ਪਵੇਗਾ ।



**ਕਾਰੋਬਾਰੀਆਂ ਨੂੰ ਸਤਾ ਰਹੀ ਚਿੰਤਾ**

ਖੰਡੇਲਵਾਲ ਨੇ ਕਿਹਾ ਕਿ ਹਰ ਕਿਸਾਨੀ ਮੁੱਦੇ ਨਾਲ ਅਨੇਕਾਂ ਵਰਗ ਜੁੜੇ ਹੁੰਦੇ ਹਨ, ਜਿਨ੍ਹਾਂ 'ਚ ਨਾ ਸਿਰਫ ਖਪਤਕਾਰ ਸਗੋਂ ਖੇਤੀ ਅਨਾਜਾਂ ਦਾ ਵਪਾਰ ਕਰਨ ਵਾਲੇ ਵਪਾਰੀ, ਫੂਡ ਪ੍ਰੋਸੈਸਿੰਗ ਵਿਚ ਲੱਗੇ ਉਦਯੋਗ ਅਤੇ ਵਪਾਰ, ਬੀਜ ਅਤੇ ਕੀਟਨਾਸ਼ਕ ਬਣਾਉਣ ਵਾਲੇ ਉਦਯੋਗ, ਖਾਦ ਅਤੇ ਹੋਰ ਉਪਜਾਊ ਉਤਪਾਦ ਬਣਾਉਣ ਵਾਲੇ ਲੋਕ, ਥੋਕ ਅਤੇ ਪ੍ਰਚੂਨ ਵਿਕ੍ਰੇਤਾ, ਆੜ੍ਹਤੀ ਅਤੇ ਖੇਤੀ ਨਾਲ ਸਬੰਧਤ ਵੱਡੇ ਉਦਯੋਗਾਂ ਸਮੇਤ ਅਨੇਕਾਂ ਵਰਗਾਂ ਦੇ ਲੋਕ ਪ੍ਰਭਾਵਿਤ ਹੁੰਦੇ ਹਨ, ਇਸ ਲਈ ਇਸ ਅੰਦੋਲਨ ਨਾਲ ਸਾਰਿਆਂ ਦਾ ਆਪਣੇ ਵਪਾਰ ਨੂੰ ਲੈ ਕੇ ਚਿੰਤਤ ਹੋਣਾ ਸੁਭਾਵਿਕ ਹੈ । ਕੈਟ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਵਿਪਿਨ ਆਹੂਜਾ ਨੇ ਦੱਸਿਆ ਕਿ ਕਿਸਾਨ ਅੰਦੋਲਨ ਕਾਰਨ ਦਿੱਲੀ ਦੀ ਧਾਰਾ 144 ਲੱਗਣ ਕਾਰਨ ਅਤੇ ਕਾਨੂੰਨ ਅਤੇ ਵਿਵਸਥਾ ਵਿਚ ਸਹਿਯੋਗ ਦੇਣ ਦੇ ਨਜ਼ਰੀਏ ਨਾਲ ਕੈਟ ਨੇ ਵਿਕਸਿਤ ਭਾਰਤ ਯਾਤਰਾ ਨੂੰ ਫਿਲਹਾਲ ਰੱਦ ਕਰ ਦਿੱਤਾ ਹੈ ਅਤੇ ਨਵੀਂ ਮਿਤੀ ਛੇਤੀ ਹੀ ਤੈਅ ਕੀਤੀ ਜਾਏਗੀ ।

**ਰਸਤੇ 'ਚ ਫਸੇ ਹਜ਼ਾਰਾਂ ਟਰੱਕ**

ਮੀਡੀਆ ਰਿਪੋਰਟਸ ਮੁਤਾਬਕ ਟਰਾਂਸਪੋਰਟ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਇਸ ਅੰਦੋਲਨ ਕਾਰਨ ਕਰੀਬ 10,000 ਟਰੱਕ ਰਸਤੇ 'ਚ ਫਸ ਗਏ ਹਨ । ਇਨ੍ਹਾਂ 'ਚੋਂ ਕਰੀਬ 6 ਤੋਂ 7 ਹਜ਼ਾਰ ਟਰੱਕ ਅਜਿਹੇ ਹਨ, ਜਿਨ੍ਹਾਂ ਨੇ ਦਿੱਲੀ ਵਿਚ ਸਾਮਾਨ ਦੀ ਸਪਲਾਈ ਕਰਨੀ ਹੈ । ਇਸ ਸਮੇਂ ਜ਼ਰੂਰੀ ਸਾਮਾਨ ਦੀ ਸਪਲਾਈ ਕਰਨ ਵਾਲੇ ਵਾਹਨਾਂ ਨੂੰ ਛੱਡ ਕੇ ਬਾਕੀ ਵਾਹਨਾਂ ਨੂੰ ਰੋਕਿਆ ਜਾ ਰਿਹਾ ਹੈ ।

ਟਰਾਂਸਪੋਰਟ ਕੰਪਨੀਆਂ ਸਾਮਾਨ ਦੀ ਸਪਲਾਈ ਕਰਨ ਲਈ ਇਕ ਫਿਕਸ ਰੇਟ 'ਤੇ ਫੈਕਟਰੀਆਂ ਅਤੇ ਉਤਪਾਦਕਾਂ ਨਾਲ ਕਾਂਟ੍ਰੈਕਟ ਕਰਦੀਆਂ ਹਨ । ਹੁਣ ਸਮੇਂ ਸਿਰ ਸਪਲਾਈ ਨਾ ਪਹੁੰਚਣ 'ਤੇ ਟਰਾਂਸਪੋਰਟ ਕੰਪਨੀਆਂ ਨੂੰ ਪਨੈਲਟੀ ਦਾ ਡਰ ਵੀ ਸਤਾਉਣ ਲੱਗਾ ਹੈ ।

# ਪੜ੍ਹੀਆਂ-ਲਿਖੀਆਂ ਬੇਰੁਜ਼ਗਾਰ ਔਰਤਾਂ ਲਈ ਰਾਹ ਦਸੇਰਾ ਹੈ - ਬੀਬੀ ਜਸਵੀਰ ਕੌਰ

''ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ'' ਕਹਾਵਤ ਨੂੰ ਸਿੱਧ ਕਰ ਦਿਖਾਇਆ ਹੈ ਪਿੰਡ ਦਿਆਲਪੁਰਾ ਭਾਈਕਾ (ਬਠਿੰਡਾ) ਦੀ ਵਸਨੀਕ ਐੱਮ.ਏ., ਬੀ. ਐੱਡ ਪਾਸ ਬੀਬੀ ਜਸਵੀਰ ਕੌਰ (40 ਸਾਲ) ਨੇ । ਉਸਨੇ ਆਪਣਾ ਹੀ ਕਿੱਤਾ ਸ਼ੁਰੂ ਕਰਨ ਦਾ ਮਨ ਬਣਾਇਆ ਤਾਂ ਜੋ ਉਹ ਘਰ ਦੀ ਆਮਦਨ ਵਿਚ ਕੋਈ ਯੋਗਦਾਨ ਪਾ ਸਕੇ । ਇਸ ਮਨਸ਼ਾ ਨੂੰ ਪੂਰਾ ਕਰਨ ਲਈ ਉਸਨੇ ਸਾਲ 2020 ਵਿਚ ਸ਼ਹਿਦ ਮੱਖੀ ਪਾਲਣ ਦੀ ਸਿਖਲਾਈ ਲੈ ਕੇ 'ਏਕਓਂਕਾਰ' ਨਾਮ ਦਾ ਸਵੈ-ਸਹਾਇਤਾ ਸਮੂਹ ਬਣਾਇਆ ਅਤੇ 'ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ' ਦੀ ਮੱਦਦ ਨਾਲ 250 ਬਕਸੇ ਨਾਲ ਕੰਮ ਸ਼ੁਰੂ ਕੀਤਾ । ਪਹਿਲੇ ਨਾਲ ਹੀ ਚੰਗਾ ਮੁਨਾਫਾ ਹੁੰਦਾ ਦੇਖ ਉਸ ਦੇ ਪਤੀ ਨੇ ਵੀ ਨੌਕਰੀ ਛੱਡ ਕੇ ਇਸ ਕਿੱਤੇ ਨੂੰ ਵਧਾਉਣ ਲਈ ਯਤਨ ਕਰਨੇ ਸ਼ੁਰੂ ਕੀਤੇ । ਸਾਲ 2020-21 ਵਿਚ ਹੀ ਉਹਨਾਂ ਨੇ 'ਪੰਜਾਬ ਐਗਰੋ' ਦੀ ਮਦਦ ਨਾਲ ਸ਼ਹਿਦ ਪ੍ਰੋਸੈਸਿੰਗ ਯੂਨਿਟ ਵੀ ਲਗਾ ਲਿਆ ਤਾਂ ਜੋ ਸਾਫ-ਸੁਥਰਾ ਸ਼ਹਿਦ ਪੈਦਾ ਕਰਕੇ ਵੇਚਿਆ ਜਾ ਸਕੇ ।

ਪਹਿਲੇ ਸਾਲ ਉਸਨੇ ਸਿਰਫ ਸ਼ਹਿਦ ਦੀ ਵਿਕਰੀ ਹੀ ਕੀਤੀ ਪਰ ਉਸਦੀ ਅਗਾਂਹਵਧੂ ਸੋਚ ਨੇ ਉਸਨੂੰ ਸ਼ਹਿਦ ਤੋਂ ਵੱਖ-ਵੱਖ ਦੇ ਉਤਪਾਦ ਜਿਵੇਂ ਕਿ ਸ਼ਹਿਦ-ਆਂਵਲਾ ਕੈਂਡੀ/ਮੁਰੱਬਾ, ਸ਼ਹਿਦ ਲਸਣ-ਮੁਰੱਬਾ, ਸੁੱਕੇ ਮੇਵੇ ਵਾਲਾ ਸ਼ਹਿਦ, ਖਜੂਰ-ਸ਼ਹਿਦ, ਬੀ ਪੋਲਣ ਅਤੇ ਮੋਮ ਤੋਂ ਮੋਮਬੱਤੀਆਂ ਆਦਿ ਬਣਾਉਣ ਲਈ ਵੀ ਪ੍ਰੇਰਿਤ ਕੀਤਾ । ਇਸ ਤਰ੍ਹਾਂ ਉਸਦੀ 3-4 ਸਾਲਾਂ 'ਚ ਹੀ ਕਮਾਈ ਦੁੱਗਣੀ ਹੋ ਗਈ । ਸਾਲ 2023 ਵਿਚ ਉਸਨੇ 10 ਕੁਇੰਟਲ ਆਂਵਲਾ ਕੈਂਡੀ/ਮੁਰੱਬਾ, 3 ਕੁਇੰਟਲ ਲਸਣ-ਮੁਰੱਬਾ ਸ਼ਹਿਦ ਨਾਲ ਤਿਆਰ ਕਰਕੇ ਵੇਚਿਆ । ਇਸ ਤੋਂ ਇਲਾਵਾ 50 ਕਿਲੋ ਪੋਲਨ ਅਤੇ 50 ਕਿਲੋ ਹੀ ਮੋਮ ਅਤੇ ਕਰੀਮ ਸ਼ਹਿਦ ਦੇ ਗਿਫਟ ਪੈਕ ਵੀ ਬਣਾ ਕੇ ਸੇਲ ਕੀਤੇ ।




ਸਾਲ 2022 ਵਿਚ ਉਸਨੇ ਇਨ੍ਹਾਂ ਸਭ ਉਤਪਾਦਾਂ ਲਈ FSSAI NO. ਲੈ ਕੇ ਅਤੇ ਲੇਬਲ ਲਗਾ ਕੇ ਵਿਕਰੀ ਕੀਤੀ ਜਿਸ ਨਾਲ ਉਸ ਦੇ ਉਤਪਾਦਾਂ ਦੀ ਮੰਗ ਵਿਚ ਵੀ ਵਾਧਾ ਹੋਇਆ । ਇਸ ਸਮੇਂ ਬੀਬੀ ਜਸਵੀਰ ਕੌਰ 'ਪ੍ਰੋਗ੍ਰੈਸਿਵ ਬੀ-ਕੀਪਰ ਐਸੋਸ਼ੀਏਸ਼ਨ' ਜ਼ਿਲ੍ਹਾ ਬਠਿੰਡਾ ਦੀ ਪ੍ਰਧਾਨ ਹੈ ਅਤੇ 'ਨੈਸ਼ਨਲ ਬੀ-ਬੋਰਡ' ਦੀ ਵੀ ਰਜਿਸਟਰਡ ਮੈਂਬਰ ਹੈ । ਇਸ ਤੋਂ ਇਲਾਵਾ ਉਸਨੇ ਆਪਣੀ ਹਿੰਮਤ ਸਦਕਾ 21 ਮੈਂਬਰਾਂ ਦਾ ਗਰੁੱਪ ਬਣਾ ਕੇ 'ਦੀ ਅਜੀਵੀਕਾ ਹਨੀ ਕੋਆਪਰੇਟਿਵ ਸੁਸਾਇਟੀ' ਦੇ ਨਾਮ ਤੇ ਐਫ.ਪੀ.ਓ. (ਫਾਰਮਰ ਪ੍ਰਡਿਊਸਰ ਆਰਗੇਨਾਈਜੇਸ਼ਨ) ਦੀ ਰਜਿਸਟਰ ਕਰਵਾ ਲਿਆ ਹੈ ਅਤੇ ਹੋਰ ਮੈਂਬਰਾਂ ਨੂੰ ਵੀ ਇਸ ਨਾਲ ਜੋੜਨ ਲਈ ਯਤਨਸ਼ੀਲ ਹੈ । ਪਿਛਲੇ ਸਾਲ 2023 ਵਿਚ ਉਸਨੇ ਸਰਸ ਮੇਲਾ, ਦਿੱਲੀ ਵਿਖੇ ਸਟਾਲ ਲਗਾ ਕੇ ਵਧੀਆ ਪ੍ਰਦਰਸ਼ਨੀ ਲਈ ਪੁਰਸਕਾਰ ਪ੍ਰਾਪਤ ਕੀਤਾ । ਇਸੇ ਤਰ੍ਹਾਂ ਚੰਡੀਗੜ੍ਹ ਵਿਖੇ ਸਵੈ-ਸਹਾਇਤਾ ਗਰੁੱਪਾਂ ਲਈ ਲੱਗੀਆਂ ਸਟਾਲਾਂ ਵਿੱਚ ਵੀ ਉਸਨੂੰ ਵਧੀਆ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ । ਹਿਸਾਰ (ਹਰਿਆਣਾ) ਵਿਖੇ ਮੇਲੇ ਵਿਚ ਵੀ ਸਟਾਲ ਲਗਾ ਕੇ ਉਸਨੇ ਚੰਗੀ ਕਮਾਈ ਕੀਤੀ । ਅੰਤ ਵਿੱਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਮਿਹਨਤ ਸਫਲਤਾ ਦੀ ਕੁੰਜੀ ਹੈ ।


**ਵਿਨੈ ਸਿੰਘ, ਜਸਵਿੰਦਰ ਕੌਰ ਬਰਾੜ,**
**ਕ੍ਰਿਸ਼ੀ ਵਿਗਿਆਨ ਕੇਂਦਰ,**
**ਬਠਿੰਡਾ** (ਮੋ.70 182-85325)



# ਕਿਸਾਨਾਂ ਦੀ ਸ਼ੁੱਧ ਆਮਦਨ ਵਧਾਉਣ ਲਈ ਤਕਨੀਕਾਂ

ਭਾਰਤ ਦੀ ਜੀ.ਡੀ.ਪੀ. ਵਿਕਾਸ ਦਰ ਸਾਲ 2023-24 ਦੌਰਾਨ 7.3 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਹੈ। ਇਹ ਵਿਕਾਸ ਦਰ ਪਿਛਲੇ ਸਾਲਾਂ ਦੇ ਮੁਕਾਬਲੇ ਕਾਫੀ ਉੱਚੀ ਤਸਵੀਰ ਕੀਤੀ ਜਾ ਰਹੀ ਹੈ। ਸੂਚਕ ਅੰਕ (ਸੈਂਸੈਕਸ) ਵੀ ਇਸ ਵੇਲੇ ਬੜਾ ਸਿਖਰ 'ਤੇ ਹੈ, ਜੋ ਪਹਿਲੀ ਵਾਰ 72000 ਨੂੰ ਪਾਰ ਕਰ ਗਿਆ ਹੈ। ਵਿਦੇਸ਼ੀ ਮੁਦਰਾ ਦਾ ਜ਼ਖੀਰਾ ਪਿਛਲੇ ਮਹੀਨੇ 620 ਬਿਲੀਅਨ ਡਾਲਰ 'ਤੇ ਸੀ। ਇਸ ਦੇ ਬਾਵਜੂਦ ਅਤਿ ਗਰੀਬਾਂ ਦੀ ਗਿਣਤੀ 16 ਕਰੋੜ ਹੈ। ਗਰੀਬੀ ਬੜੀ ਹੌਲੀ-ਹੌਲੀ ਘਟ ਰਹੀ ਹੈ। ਇਸ ਦੇ ਘਟਣ ਦੀ ਦਰ ਸਾਲ 2023-24 'ਚ 0.3 ਪ੍ਰਤੀਸ਼ਤ ਸਾਲਾਨਾ ਰਹੀ। ਕਿਸਾਨਾਂ ਦੀ ਸ਼ੁੱਧ ਆਮਦਨ ਵਿਚ ਵੀ ਕੋਈ ਵਿਸ਼ੇਸ਼ ਵਾਧਾ ਨਹੀਂ ਹੋ ਰਿਹਾ, ਜਦੋਂ ਕਿ ਉਤਪਾਦਕਤਾ ਤੇ ਉਤਪਾਦਨ ਵਧ ਰਹੇ ਹਨ। ਖੇਤੀ ਦੀ ਵਿਕਾਸ ਦਰ 3.7 ਪ੍ਰਤੀਸ਼ਤ ਹੈ। ਡਾ. ਮਨਮੋਹਨ ਸਿੰਘ ਦੀ ਯੂ. ਪੀ. ਏ. ਸਰਕਾਰ ਇਹ 3.5 ਪ੍ਰਤੀਸ਼ਤ ਸੀ। ਖੇਤੀ ਦਾ ਵਿਕਾਸ ਆਮ ਲੋਕਾਂ ਦੀ ਖੁਸ਼ਹਾਲੀ ਲਈ ਬੜਾ ਮਹੱਤਵਪੂਰਨ ਹੈ, ਜਦੋਂ ਕਿ ਪੰਜਾਬ 'ਚ 55-60 ਪ੍ਰਤੀਸ਼ਤ ਦੇ ਕਰੀਬ ਲੋਕ ਖੇਤੀ 'ਚ ਲੱਗੇ ਹੋਏ ਹਨ। ਖੇਤੀ ਦੀ ਸ਼ੁੱਧ ਆਮਦਨੀ ਪਿਛਲੇ 10 ਸਾਲਾਂ 'ਚ ਕੇਵਲ 1.3 ਪ੍ਰਤੀਸ਼ਤ ਦੀ ਦਰ ਨਾਲ ਵਧੀ ਹੈ। ਭਾਰਤ ਖੇਤੀ ਪ੍ਰਧਾਨ ਮੁਲਕ ਹੈ ਅਤੇ ਪੰਜਾਬ ਖੇਤੀ ਆਧਾਰਿਤ ਸੂਬਾ ਹੈ। ਪੇਂਡੂ ਆਰਥਿਕਤਾ ਦੇ ਵਿਕਾਸ ਲਈ ਹੰਢਣਸਾਰ ਖੇਤੀ ਦਾ ਵਿਕਾਸ ਜ਼ਰੂਰੀ ਹੈ। ਇਸ ਨਾਲ ਹੀ ਕਿਸਾਨਾਂ ਦੀ ਸ਼ੁੱਧ ਆਮਦਨ ਵਧ ਸਕਦੀ ਹੈ। ਇਸ ਵੇਲੇ ਭਾਵੇਂ ਅਨਾਜ ਦੀ ਪੈਦਾਵਾਰ ਸਿਖਰ 'ਤੇ ਹੈ ਪ੍ਰੰਤੂ ਕਿਸਾਨ ਦੀ ਆਮਦਨ 'ਚ ਵਾਧਾ ਨਹੀਂ ਹੋ ਰਿਹਾ। ਖੇਤੀ ਜਿਣਸਾਂ ਦੀ ਐਮ. ਐਸ. ਪੀ. ਡਾ. ਸਵਾਮੀਨਾਥਨ ਕਮਿਸ਼ਨ ਵਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਨਹੀਂ ਵਧੀ। ਸਰਕਾਰ ਦੀ ਨੀਤੀ ਖਪਤਕਾਰ ਪੱਖੀ ਹੈ, ਜਦੋਂ ਕਿ ਹੁਣ ਮਹਿੰਗਾਈ 'ਤੇ ਵੀ ਕੁਝ ਨਕੇਲ ਪਾ ਲਈ ਗਈ ਜਾਪਦੀ ਹੈ। ਖੇਤਾਂ ਦੇ ਆਕਾਰ ਦਾ ਘਟਣਾਂ, ਛੋਟੇ ਤੇ ਕੰਢੀ ਦੇ ਕਿਸਾਨਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋਣਾ, ਕੁਦਰਤੀ ਸੋਮਿਆਂ ਦਾ ਘਟਣਾ ਅਤੇ ਵਾਤਾਵਰਨ ਤਬਦੀਲੀ ਵੀ ਕਿਸਾਨਾਂ ਦੀ ਸ਼ੁੱਧ ਆਮਦਨ ਨਾ ਵਧਣ ਲਈ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ ਉਤਪਾਦਨ ਖਰਚਿਆਂ ਦਾ ਵਧਣਾ ਅਤੇ ਮੰਡੀ 'ਚ ਜਿਣਸਾਂ ਦੀਆਂ ਕੀਮਤਾਂ 'ਚ ਉਤਰਾਅ-ਚੜ੍ਹਾਅ ਵੀ ਆਪਣਾ ਪ੍ਰਭਾਵ ਪਾਉਂਦੇ ਹਨ। ਜੋ ਅੱਜਕਲ੍ਹ, ਨੌਜਵਾਨਾਂ 'ਚ ਖੇਤੀ ਤੋਂ ਆਮਦਨ ਪ੍ਰਭਾਵਿਤ ਹੁੰਦੀ ਹੈ। ਪੰਜਾਬ ਨੌਜਵਾਨਾਂ ਦੇ ਖੇਤੀ ਤੋਂ ਅਲਹਿਦਾ ਹੋਣ ਕਾਰਨ ਖੇਤੀ ਪ੍ਰਵਾਸੀ ਖੇਤੀ ਮਜ਼ਦੂਰਾਂ 'ਤੇ ਹੀ ਨਿਰਭਰ ਹੋ ਗਈ ਹੈ। ਖੇਤੀ ਖਰਚੇ ਜਿਨ੍ਹਾਂ 'ਚ ਬੀਜ, ਖਾਦ, ਕੀੜੇਮਾਰ ਦਵਾਈਆਂ, ਖੇਤ ਮਜ਼ਦੂਰਾਂ ਦੀ ਦਿਹਾੜੀ, ਮਸ਼ੀਨਰੀ ਤੇ ਸੰਦਾਂ ਦੇਖਰਚੇ ਸ਼ਾਮਿਲ ਹਨ, ਵਧ ਕੇ ਬਹੁਤ ਉੱਪਰ ਚਲੇ ਗਏ। ਖੇਤੀ ਸਮੱਗਰੀ ਦੀ ਸਹੀ ਤੌਰ 'ਤੇ ਵਰਤੋਂ ਨਹੀਂ ਹੋ ਰਹੀ। ਕਣਕ ਤੇ ਝੋਨਾ, ਜੋ ਪੰਜਾਬ ਦੀਆਂ ਮੁੱਖ ਹਾੜੀ ਤੇ ਸਾਉਣੀ ਦੀਆਂ ਫਸਲਾਂ ਹਨ, ਉਨ੍ਹਾਂ 'ਚ ਮਾਹਿਰਾਂ ਵਲੋਂ ਸਿਫਾਰਸ਼ ਕੀਤੀ ਗਈ ਮਿਕਦਾਰ ਤੋਂ ਵੱਧ ਕਿਸਾਨ ਕੀਮੀਆਈ ਖਾਦ ਆਦਿ ਸਮੱਗਰੀ ਪਾਈ ਜਾ ਰਹੇ ਹਨ। ਫਸਲੀ ਬਿਮਾਰੀਆਂ ਦੀ ਭਰਮਾਰ ਹੈ ਅਤੇ ਕਿਸਾਨ ਕੀਟਨਾਸ਼ਕਾਂ 'ਤੇ ਲੋੜ ਨਾਲੋਂ ਵੱਧ ਖਰਚਾ ਕਰੀ ਜਾ ਰਹੇ ਹਨ।



ਭਗਵਾਨ ਦਾਸ

ਕਿਸਾਨਾਂ ਦੀ ਆਮਦਨ ਅਤੇ ਉਤਪਾਦਕਤਾ ਵਧਾਉਣ ਲਈ ਬੀਜ ਤਕਨਾਲੋਜੀ ਦੀ ਵਿਸ਼ੇਸ਼ ਮਹੱਤਤਾ ਹੈ। ਗੁਣਵੱਤਾ ਵਾਲੇ ਬੀਜ ਦਾ ਵਰਤਣਾ, ਫਿਰ ਉਸ ਨੂੰ ਸੋਧ ਕੇ ਵਰਤਣਾ ਬਹੁਤ ਜ਼ਰੂਰੀ ਹੈ। ਜੇ ਬੀਜ ਚੰਗਾ ਹੋਵੇਗਾ ਤਾਂ ਹੀ ਦੂਜੀ ਸਮੱਗਰੀ ਆਪਣਾ ਅਸਰ ਦਿਖਾਏਗੀ। ਮਾਹਿਰਾਂ ਅਨੁਸਾਰ ਗੁਣਵੱਤਾ ਵਾਲੇ ਬੀਜ 25 ਪ੍ਰਤੀਸ਼ਤ ਤੱਕ ਝਾੜ ਵਧਾਉਂਦੇ ਹਨ। ਇਸੇ ਤਰ੍ਹਾਂ ਜੇ ਸਮੇਂ ਸਿਰ ਬਿਜਾਈ ਕੀਤੀ ਜਾਵੇ ਤਾਂ ਝਾੜ ਵੱਧ ਨਿਕਲਦਾ ਹੈ। ਜੋ ਤਿੰਨ-ਫਸਲੀ ਚੱਕਰ ਕਿਸਾਨਾਂ ਵਲੋਂ ਅਪਣਾਇਆ ਜਾਣਾ ਸ਼ੁਰੂ ਹੋ ਗਿਆ, ਉਨ੍ਹਾਂ 'ਚ ਇਕ ਫਸਲ ਫਲੀਦਾਰ ਹੋਣੀ ਚਾਹੀਦੀ ਹੈ, ਜਿਸ ਨਾਲ ਨਾਈਟ੍ਰੋਜਨ ਦੀ ਲੋੜ ਘਟੇਗੀ ਅਤੇ ਖਰਚਿਆਂ 'ਚ ਬੱਚਤ ਹੋਵੇਗੀ। ਜ਼ੀਰੋ ਟਿਲੇਜ, ਘੱਟੋ-ਘੱਟ ਵਾਹੀ, ਵੱਟਾਂ 'ਤੇ ਬਿਜਾਈ, ਲੇਜ਼ਰ ਕਰਾਹੇ ਨਾਲ ਜ਼ਮੀਨ ਨੂੰ ਪੱਧਰ ਕਰਵਾਉਣਾ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦਾ ਯੋਗ ਪ੍ਰਬੰਧਨ ਵੀ ਉਤਪਾਦਕਤਾ ਤੇ ਵੱਟਤ 'ਚ ਵਾਧਾ ਕਰਕੇ ਪਾਣੀ 'ਤੇ ਤੱਤਾਂ ਦੀ ਵਰਤੋਂ ਘਟਾਉਂਦੇ ਹਨ। ਇਸ ਨਾਲ ਫਸਲੀ ਵਿਭਿੰਨਤਾਂ ਵੀ ਆਉਂਦੀ ਹੈ। ਵਾਤਾਵਰਨ 'ਚ ਸ਼ੁੱਧਤਾ ਆਉਂਦੀ ਹੈ। ਖੇਤੀ ਸਮੱਗਰੀ ਦੀ ਵਰਤੋਂ 'ਚ ਸੰਤੁਲਨ ਲਿਆ ਕੇ ਖਰਚਾ ਘਟਾਇਆ ਜਾ ਸਕਦਾ ਹੈ ਅਤੇ ਉਤਪਾਕਦਤਾ ਵਧਾਈ ਜਾ ਸਕਦੀ ਹੈ। ਭੂਮੀ ਸਿਹਤ ਕਾਰਡ ਫਸਲਾਂ ਦੇ ਉਤਪਾਦਨ ਲਈ ਖਾਦ ਤੇ ਹੋਰ ਸਮੱਗਰੀ ਖੇਤੀ ਮਾਹਿਰਾਂ ਦੀ ਸਿਫਾਰਸ਼ ਅਨੁਸਾਰ ਵਰਤਣ 'ਚ ਮਦਦ ਕਰਦਾ ਹੈ। ਨੀਮ-ਕੋਟਿਡ ਯੂਰੀਆ ਵੀ ਝਾੜ ਵਧਾਉਣ ਅਤੇ ਬਿਮਾਰੀਆਂ ਦਾ ਹਮਲਾ ਘਟਾਉਣ 'ਚ ਸਹਾਈ ਹੁੰਦਾ ਹੈ। ਜ਼ਮੀਨ ਥੱਲੇ ਪਾਣੀ ਦਾ ਪੱਧਰ ਹਰ ਸਾਲ ਤੇਜ਼ੀ ਨਾਲ ਡਿਗ ਰਿਹਾ ਹੈ। ਪਾਣੀ ਬਚਾਉਣ ਦੀਆਂ ਸਕੀਮਾਂ ਜਿਵੇਂ ਤੁਪਕਾ ਸਿੰਚਾਈ ਤੇ ਛਿੜਕਾਅ ਨਾਲ ਸਿੰਚਾਈ ਆਦਿ ਵਿਧੀਆਂ ਵਰਤੋਂ 'ਚ ਲਿਆਂਦੀਆਂ ਜਾਣ। ਇਸ ਨਾਲ ਪਾਣੀ ਦੀ ਬੱਚਤ ਹੋਵੇਗੀ ਅਤੇ ਬਿਜਲੀ ਦੀ ਘੱਟ ਵਰਤੋਂ ਕਰਨੀ ਪਵੇਗੀ। ਭਾਰਤ ਸਰਕਾਰ ਦੀ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ' ਨੂੰ ਅਮਲੀ ਜਾਮਾ ਪਹਿਨਾ ਕੇ ਘੱਟ ਪਾਣੀ ਵਰਤ ਕੇ ਵਧੇਰੇ ਉਤਪਾਦਨ ਲਿਆ ਜਾ ਸਕਦਾ ਹੈ।

ਜੈਵਿਕ ਖਾਦਾਂ ਦੀ ਵਰਤੋਂ ਵੀ ਖਰਚਿਆਂ ਨੂੰ ਘਟਾਉਣ 'ਚ ਸਹਾਈ ਹੋ ਸਕਦੀ ਹੈ। ਜੈਵਿਕ ਖਾਦ ਪਸ਼ੂਆਂ ਅਤੇ ਕੀੜਿਆਂ ਤੋਂ ਬਣਾਏ ਵਰਮੀ ਕੰਪੋਸਟ ਰਾਹੀਂ ਤਿਆਰ ਕੀਤੀ ਜਾਂਦੀ ਹੈ। ਖੇਤੀ ਉਦਯੋਗ ਦੇ ਬਾਈਪ੍ਰੋਡਕਟ ਜਿਵੇਂ ਫਲ, ਸਬਜ਼ੀਆਂ ਅਤੇ ਗਲੇ-ਸੜੇ ਪਦਾਰਥਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਫਸਲਾਂ ਦੀ ਰਹਿੰਦ-ਖੂੰਹਦ ਦੀ ਵਰਤੋਂ ਕਰਕੇ ਵੀ ਜ਼ਮੀਨ ਦੀ ਉਤਪਾਦਨ ਸ਼ਕਤੀ ਵਧਾਈ ਜਾ ਸਕਦੀ ਹੈ। ਆਈ. ਪੀ. ਐੱਮ (ਇੰਟੈਗ੍ਰੇਟਿਡ ਪੈੱਸਟ ਮੈਨੇਜਮੈਂਟ) ਵੀ ਕੀੜਿਆਂ ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਕਾਰਗਰ ਹੋ ਸਕਦਾ ਹੈ। ਮਸ਼ੀਨੀਕਰਨ ਉਤਪਾਦਕਤਾ 'ਚ ਵਾਧਾ ਤਾਂ ਕਰਦਾ ਹੈ, ਪਰ ਪੰਜਾਬ 'ਚ ਮਸ਼ੀਨੀਕਰਨ ਸਿਖਰ 'ਤੇ ਹੋਣ ਕਰਕੇ ਕਿਸਾਨਾਂ ਦਾ ਇਸ 'ਤੇ ਲੋੜ ਨਾਲੋਂ ਵੱਧ ਖਰਚਾ ਹੋ ਰਿਹਾ ਹੈ। ਛੋਟੇ ਤੇ ਕੰਢੀ ਦੇ ਕਿਸਾਨਾਂ ਦੀ ਮਸ਼ੀਨਾਂ ਖਰੀਦਣ ਦੀ ਸ਼ਕਤੀ ਨਹੀਂ। ਵੱਧ ਤੋਂ ਵੱਧ ਕਿਸਾਨਾਂ ਨੂੰ 'ਕਸਟਮ-ਹਾਇਮ' ਕੇਂਦਰਾਂ ਤੋਂ ਮਸ਼ੀਨਾਂ ਕਿਰਾਏ 'ਤੇ ਲੈ ਕੇ ਕੰਮ ਚਲਾਉਣਾ ਚਾਹੀਦਾ ਹੈ। ਇਹ ਕੇਂਦਰ ਖੋਲ੍ਹਣ ਲਈ ਸਰਕਾਰ ਖੁੱਲ੍ਹੀ ਸਬਸਿਡੀ ਦੇ ਰਹੀ ਹੈ। ਪੜ੍ਹੇ-ਲਿਖੇ ਨੌਜਵਾਨ ਇਨ੍ਹਾਂ ਕੇਂਦਰਾਂ 'ਚ ਰੁਜ਼ਗਾਰ 'ਤੇ ਲੱਗ ਸਕਦੇ ਹਨ। ਬਿਜਲੀ ਦੀ ਖਪਤ ਘਟਾਉਣ ਲਈ ਸੋਲਰ ਊਰਜਾ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਮਦਨ ਵਧਾਉਣ ਲਈ ਫਸਲਾਂ ਦੇ ਨਾਲ ਸਹਾਇਕ ਧੰਦੇ ਜਿਵੇਂ ਪਸ਼ੂ ਪਾਲਣ, ਮੁਰਗੀ ਪਾਲਣ, ਬੱਕਰੀਆਂ ਜਾਂ ਭੇਡਾ ਪਾਲਣ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਅਜਿਹਾ ਕਰਨ ਨਾਲ ਕਿਸਾਨਾਂ ਦੀ ਆਮਦਨ ਵਧੇਗੀ। ਖੇਤੀ ਨਾਲ ਸੰਬੰਧਿਤ ਕਿੱਤਿਆਂ ਤੋਂ ਬਾਈਪ੍ਰੋਡਕਟ ਮਿਲਦੇ ਹਨ, ਜਿਨ੍ਹਾਂ ਦੀ ਵਰਤੋਂ ਨਾਲ ਖੇਤੀ ਖਰਚੇ ਘਟਣਗੇ ਅਤੇ ਆਮਦਨ ਵਧੇਗੀ। ਸਬਜ਼ੀਆਂ, ਫਲਾਂ ਤੇ ਬਾਗਬਾਨੀ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣਾ ਆਦਿ ਵੀ ਸਹਾਇਕ ਧੰਦੇ ਹਨ, ਜਿਨ੍ਹਾਂ ਨੂੰ ਕਿਸਾਨ ਆਮਦਨ ਵਧਾਉਣ ਲਈ ਅਪਣਾ ਸਕਦੇ ਹਨ।

# ਸਬਜ਼ੀਆਂ ਵਿੱਚ 'ਖੁਰਾਕੀ ਤੱਤਾਂ' ਦੀ ਘਾਟ ਦੀ ਪਛਾਣ ਅਤੇ ਰੋਕਥਾਮ

ਹਰ ਇਕ ਫਸਲ ਦੇ ਵਾਧੇ ਲਈ ਹਵਾ, ਪਾਣੀ, ਧੁੱਪ ਅਤੇ ਸਹੀ ਤਾਪਮਾਨ ਤੋਂ ਇਲਾਵਾ ਵੱਡੇ ਅਤੇ ਛੋਟੇ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਵੱਡੇ ਤੱਤਾਂ ਦੀ ਸ਼੍ਰੇਣੀ ਵਿਚ ਆਕਸੀਜਨ, ਕਾਰਬਨ, ਹਾਈਡ੍ਰੋਜਨ, ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਗੰਧਕ ਆਉਂਦੇ ਹਨ। ਜਦਕਿ ਆਇਰਨ, ਜ਼ਿੰਕ, ਮੈਗਨੀਜ਼, ਤਾਂਬਾ, ਬੋਰੋਨ, ਮੇਲੀਬਰੇਨਮ ਅਤੇ ਕਲੋਰੀਨ ਤੱਤ ਸੂਖਮ/ਛੋਟੇ ਤੱਤਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਹ ਸਾਰੇ ਖੁਰਾਕੀ ਤੱਤ ਬੂਟੇ ਦੇ ਵਾਧੇ ਅਤੇ ਵਧੀਆ ਝਾੜ ਲਈ ਬਹੁਤ ਹੀ ਮਹੱਤਵਪੂਰਨ ਹਨ। ਫਸਲ ਵਿਚ ਕਿਸੇ ਵੀ ਤੱਤ ਦੀ ਘਾਟ ਆਉਣ ਉਪਰੰਤ ਝਾੜ ਤੇ ਮਾੜਾ ਅਸਰ ਪੈਂਦਾ ਹੈ, ਜਿਸ ਨਾਲ ਕਾਸ਼ਤਕਾਰਾਂ ਨੂੰ ਘਾਟਾ ਪੈਂਦਾ ਹੈ।

**ਨਾਈਟ੍ਰੋਜਨ** : ਇਸ ਦੀ ਘਾਟ ਉਨ੍ਹਾਂ ਜ਼ਮੀਨਾਂ ਵਿਚ ਆਉਂਦੀ ਹੈ, ਜਿਨ੍ਹਾਂ ਵਿਚ ਨਾਈਟ੍ਰੋਜਨ ਵਾਲੀਆਂ ਰਸਾਇਣਕ ਖਾਦਾਂ ਜਾਂ ਗਲਿਆ-ਸੜਿਆ ਮੱਲੜ ਜਾਂ ਦੇਸੀ ਰੂੜੀ ਨਾ ਪਾਈ ਹੋਵੇ। ਇਸ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ 'ਤੇ ਦਿਖਾਈ ਦਿੰਦੀਆਂ ਹਨ। ਸਭ ਤੋਂ ਪਹਿਲਾਂ ਪੱਤਾ ਨੋਕ ਤੋਂ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਬਾਅਦ ਵਿਚ ਪੀਲਾਪਣ ਪੱਤੇ ਦੀ ਮੁੱਖ ਨਾੜੀ ਦੇ ਨਾਲ-ਨਾਲ ਵਧਦੀ ਹੋਈ ਪੱਤੇ ਦੇ ਮੁੱਢ ਤੱਕ ਪਹੁੰਚ ਜਾਂਦੀ ਹੈ। ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟੇ ਨੂੰ ਟਾਹਣੀਆਂ ਅਤੇ ਫਲ-ਫੁੱਲ ਘੱਟ ਲੱਗਦੇ ਹਨ। ਪੌਦਿਆਂ ਦਾ ਕੂਲਾਪਣ ਘਟ ਜਾਂਦਾ ਹੈ।

**ਰੋਕਥਾਮ** : ਫਸਲ ਦੀ ਸ਼ਿਫਾਰਸ਼ ਕੀਤੀ ਰੂੜੀ ਅਤੇ ਨਾਈਟ੍ਰੋਜਨ ਦੀ ਖਾਦ ਸਹੀ ਮਾਤਰਾ ਵਿਚ ਸਹੀ ਸਮੇਂ 'ਤੇ ਵਰਤੋ।

**ਫਾਸਫੋਰਸ** : ਇਸ ਦੀ ਘਾਟ ਰੇਤਲੀਆਂ ਅਤੇ ਜੈਵਿਕ ਮਾਦੇ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਆਉਂਦੀ ਹੈ। ਜਿਨ੍ਹਾਂ ਜ਼ਮੀਨਾਂ ਵਿਚ ਲੋਹੇ ਅਤੇ ਐਲਮੀਨੀਅਮ ਦੇ ਆਕਸਾਈਡ ਅਤੇ ਕੈਲਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਉੱਥੇ ਫਾਸਫੋਰਸ ਦੀ ਪ੍ਰਾਪਤੀ ਤੋਂ ਮਾੜਾ ਅਸਰ ਪੈਂਦਾ ਹੈ। ਜਿਸ ਬੂਟੇ ਦੀ ਫਾਸਫੋਰਸ ਦੀ ਘਾਟ ਆ ਜਾਂਦੀ ਹੈ। ਇਸ ਤੱਤ ਦੀ ਘਾਟ ਨਾਲ ਬੂਟੇ ਦੇ ਪੁਰਾਣੇ ਪੱਤੇ ਗੂੜੇ ਹਰੇ ਹੋ ਕੇ ਬਾਅਦ ਵਿਚ ਨੁੱਕਰਾਂ ਤੋਂ ਜਾਮਣੀ ਰੰਗ ਦੇ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਸ ਨਾਲ ਹੌਲੀ-ਹੌਲੀ ਸਾਰੇ ਪੱਤੇ ਵਿਚ ਮੁੱਢ ਤੱਕ ਜਾਮਣੀਪਣ ਆ ਜਾਂਦਾ ਹੈ। ਜ਼ਿਆਦਾ ਘਾਟ ਹੋਣ ਦੀਆਂ ਹਾਲਤਾਂ ਵਿਚ ਪੂਰਾ ਬੂਟਾ ਹੀ ਜਾਮਣੀ ਹੋ ਜਾਂਦਾ ਹੈ ਅਤੇ ਬੂਟੇ ਦਾ ਵਾਧਾ ਰੁਕ ਜਾਂਦਾ ਹੈ। ਪੱਤਿਆਂ ਦੇ ਨਾਲ-ਨਾਲ ਫੁੱਲ ਵੀ ਜਾਮਣੀ ਹੋ ਜਾਂਦੇ ਹਨ, ਜੋ ਕਿ ਮੰਡੀਕਰਨ ਯੋਗ ਨਹੀਂ ਹੁੰਦੇ।

**ਰੋਕਥਾਮ** : ਫਸਲ ਮੁਤਾਬਕ ਸ਼ਿਫਾਰਸ਼ ਕੀਤੀ ਹੋਈ ਫਾਸਫੋਰਸ ਖਾਦ ਦੀ ਮਾਤਰਾ ਜ਼ਮੀਨ ਵਿਚ ਬਿਜਾਈ ਸਮੇਂ ਪਾਓ। ਫਾਸਫੋਰਸ ਖਾਦਾਂ ਦੀ ਘੁਲਣਸ਼ੀਲਤਾ ਘੱਟ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਬੀਜ/ਬੂਟੇ ਦੀਆਂ ਜੜ੍ਹਾਂ ਦੇ ਨੇੜੇ ਕਰੋ।

**ਪੋਟਾਸ਼ੀਅਮ** : ਰੇਤਲੀਆਂ ਅਤੇ ਘੱਟ ਜੈਵਿਕ ਮਾਦੇ ਵਾਲੀਆਂ ਜ਼ਮੀਨਾਂ ਵਿਚ ਇਸ ਤੱਤ ਦੀ ਘਾਟ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਪੋਟਾਸ਼ੀਅਮ ਵਾਲੀਆਂ ਖਾਦਾਂ ਨਾ ਪਾਉਣ ਵਾਲੀਆਂ ਜ਼ਮੀਨਾਂ ਵਿਚ ਇਸ ਦੀ ਘਾਟ ਅਕਸਰ ਆਉਂਦੀ ਹੈ। ਇਸ ਤੱਤ ਦੀ ਘਾਟ ਨਾਲ ਪੁਰਾਣੇ ਪੱਤਿਆਂ ਦੇ ਕੰਢੇ ਅਤੇ ਨੁੱਕਰਾਂ ਪੀਲੀਆਂ ਹੋ ਜਾਂਦੀਆਂ ਹਨ। ਇਹ ਪੀਲਾਪਣ ਪੱਤੇ ਦੇ ਮੁੱਢ ਵੱਲ ਵੱਧਦਾ ਹੈ। ਜਿਵੇਂ-ਜਿਵੇਂ ਪੀਲਾਪਣ ਵੱਧਦਾ ਹੈ, ਪੱਤੇ ਦਾ ਪਹਿਲਾਂ ਪੀਲਾ ਪਿਆ ਹਿੱਸਾ ਭੂਰਾ ਹੋ ਜਾਂਦਾ ਹੈ



ਜੋ ਕਿ ਪੱਤੇ 'ਤੇ ਸਾੜ੍ਹ ਦੀ ਤਰ੍ਹਾਂ ਲੱਗਦਾ ਹੈ। ਜ਼ਿਆਦਾ ਘਾਟ ਦੀਆਂ ਹਾਲਤਾਂ ਵਿਚ ਪੁਰਾਣੇ ਅਤੇ ਪੱਤੇ ਭੂਰੇ ਹੋ ਜਾਂਦੇ ਹਨ।

**ਰੋਕਥਾਮ** : ਫਸਲ ਮੁਤਾਬਕ ਬਿਜਾਈ ਸਮੇਂ ਪੋਟਾਸ਼ੀਅਮ ਵਾਲੀ ਖਾਦ ਦੀ ਸ਼ਿਫਾਰਸ਼ ਮਾਤਰਾ ਪਾਓ।

**ਗੰਧਕ** : ਗੰਧਕ ਦੀ ਘਾਟ ਰੇਤਲੀਆਂ, ਘੱਟ ਜੈਵਿਕ ਮਾਦਾ ਵਾਲੀਆਂ ਅਤੇ ਨਹਿਰੀ ਪਾਣੀ ਦੀ ਸਿੰਚਾਈ ਵਾਲੀਆਂ ਜ਼ਮੀਨਾਂ ਵਿਚ ਵਧੇਰੇ ਆਉਂਦੀ ਹੈ। ਇਸ ਤੱਤ ਦੀ ਘਾਟ ਸਭ ਤੋਂ ਪਹਿਲਾਂ ਨਵੇਂ ਪੱਤਿਆਂ 'ਤੇ ਆਉਂਦੀ ਹੈ, ਜੋ ਕਿ ਹਲਕੇ ਹਰੇ ਤੋਂ ਪੀਲੇ ਹੋ ਜਾਂਦੇ ਹਨ। ਬੂਟੇ ਦੀ ਘਾਟ ਵਧਣ ਦੇ ਹਾਲਤਾਂ ਵਿਚ ਪੂਰਾ ਪੱਤਾ ਹੀ ਪੀਲਾ ਹੋ ਜਾਂਦਾ ਹੈ।

**ਰੋਕਥਾਮ** : ਘਾਟ ਵਾਲੀਆਂ ਜ਼ਮੀਨਾਂ ਵਿਚ ਸਿੰਗਲ ਸੁਪਰ ਫਾਸਫੋਰਸ ਦੀ ਵਰਤੋਂ ਨੂੰ ਤਰਜੀਹ ਦਿਓ। ਬਿਜਾਈ ਵੇਲੇ 50-100 ਕਿਲੋ ਜਿਪਸਮ ਪ੍ਰਤੀ ਏਕੜ ਦੀ ਵਰਤੋਂ ਕਰੋ ਤਾਂ ਜੋ ਇਸ ਘਾਟ ਤੋਂ ਬਚਿਆ ਜਾ ਸਕੇ।

**ਮੈਗਨੀਜ਼** : ਰੇਤਲੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ ਵਿਚ ਇਸ ਦੀ ਘਾਟ ਆਉਂਦੀ ਹੈ। ਇਸ ਦੀ ਘਾਟ ਨਾਲ ਨਵੇਂ ਪੱਤਿਆਂ ਉੱਪਰ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ। ਜਦ ਕਿ ਨਾੜੀਆਂ ਹਰੀਆਂ ਹੀ ਰਹਿੰਦੀਆਂ ਹਨ। ਬਾਅਦ ਵਿਚ ਪੀਲੇ ਹਿੱਸੇ ਵਿਚ ਭੂਰੇ ਲਾਲ ਜਾਂ ਭੂਰੇ ਕਾਲੇ ਜਾਂ ਸਲੇਟੀ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ। ਜ਼ਿਆਦਾ ਘਾਟ ਵਿਚ ਧੱਬਿਆਂ ਵਾਲਾ ਹਿੱਸਾ ਮਰ ਜਾਂਦਾ ਹੈ।

**ਰੋਕਥਾਮ** : ਇਸ ਤੱਤ ਦੀ ਘਾਟ ਦੀ ਰੋਕਥਾਮ ਲਈ 0.2-0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ (200-500 ਗ੍ਰਾਮ/100 ਲਿਟਰ ਪਾਣੀ) ਦੇ ਘੋਲ ਦਾ ਛਿੜਕਾ ਕਰੋ। ਹਫਤੇ-ਹਫਤੇ ਬਾਅਦ 2 ਤੋਂ 4 ਛਿੜਕਾ ਘਾਟ ਅਨੁਸਾਰ ਕਰੋ।

**ਕ੍ਰਿਸ਼ੀ ਵਿਗਿਆਨ ਕੇਂਦਰ, ਨੂਰਮਹਿਲ**



# ਬੈਕਯਾਰਡ ਪ੍ਰਣਾਲੀ ਵਿੱਚ ਪੰਛੀਆਂ ਤੋਂ ਵਧੇਰੇ ਅੰਡੇ ਉਤਪਾਦਨ ਲਈ ਨੁਕਤੇ

**ਸਤਬੀਰ ਸਿੰਘ ਅਤੇ ਅਪਰਨਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**
**ਮੋਬਾਇਲ 99882-27872**

**1. ਸਹੀ ਉਮਰ** : ਉਮਰ ਵਧਣ ਨਾਲ ਪੰਛੀਆਂ ਦੀ ਉਤਪਾਦਨ ਸਮਰਥਾ ਘਟਦੀ ਜਾਂਦੀ ਹੈ । ਪਹਿਲੇ ਅਤੇ ਦੂਜੇ ਸਾਲ ਵਿਚ ਮੁਰਗੀਆਂ ਦਾ ਅੰਡਾ ਉਤਪਾਦਨ ਸਭ ਨਾਲੋਂ ਵੱਧ ਹੁੰਦਾ ਹੈ ਅਤੇ ਤੀਜੇ ਸਾਲ ਪੰਛੀਆਂ ਦਾ ਉਤਪਾਦਨ ਕਾਫੀ ਘੱਟ ਜਾਂਦਾ ਹੈ । ਇਸ ਲਈ ਜ਼ਰੂਰੀ ਹੈ ਕਿ ਹਰ ਸਾਲ ਨਵੇਂ ਪੰਛੀ ਫਲੌਕ ਵਿਚ ਪਾਏ ਜਾਣ ਤਾਂ ਜੋ ਲਗਾਤਾਰ ਅੰਡਿਆਂ ਦਾ ਉਤਪਾਦਨ ਹੁੰਦਾ ਰਹੇ ।

**2. ਸਹੀ ਨਸਲ ਦੀ ਚੋਣ** : ਚੋਣ ਕਰਨ ਵੇਲੇ ਵਧੇਰੇ ਅੰਡੇ ਦੇਣ ਵਾਲੀਆਂ ਨਸਲਾਂ ਨੂੰ ਤਰਜੀਹ ਦਿਓ । ਬੈਕਯਾਰਡ ਸਿਸਟਮ ਲਈ ਵੀ ਕੁੱਝ ਨਸਲਾਂ ਅਜਿਹੀਆਂ ਹਨ ਜੋ ਕਿ ਪ੍ਰਤੀ ਸਾਲ 150-200 ਦੇ ਕਰੀਬ ਅੰਡੇ ਦੇ ਸਕਦੀਆਂ ਹਨ ਜਿਵੇਂ ਕਿ ਆਰ ਆਈ ਆਰ ਅਤੇ ਚਾਬਰੋ । ਪੰਛੀ ਕਿਸੇ ਵਧੀਆ ਹੈਚਰੀ ਜਾਂ ਗਡਵਾਸੂ ਲੁਧਿਆਣਾ, ਸੀ. ਪੀ. ਡੀ. ਓ. ਚੰਡੀਗੜ੍ਹ ਤੋਂ ਹੀ ਖਰੀਦੋ ।

**3. ਤਣਾਅ ਘਟਾਉਣਾ** :



ਤਣਾਅ ਵਿਚ ਰਹਿਣ ਵਾਲੇ ਪੰਛੀ ਆਪਣੀ ਸਰੀਰਕ ਊਰਜਾ ਦਾ ਇੱਕ ਵੱਡਾ ਹਿੱਸਾ ਉਸ ਵਿੱਚੋਂ ਨਿਕਲਣ ਲਈ ਵਰਤ ਲੈਂਦੇ ਹਨ ਅਤੇ ਫਲਸਰੂਪ ਅਜਿਹੇ ਪੰਛੀ ਪੂਰਾ ਉਤਪਾਦਨ ਨਹੀਂ ਦੇ ਸਕਦੇ । ਇਹ ਸੁਨਿਸ਼ਚਿਤ ਕਰੋ ਕਿ ਪੰਛੀ ਆਪਣੇ ਵਾੜੇ ਵਿਚ ਸੁਰੱਖਿਅਤ ਅਤੇ ਆਜ਼ਾਦ ਮਹਿਸੂਸ ਕਰਨ । ਬਿੱਲੀਆਂ ਅਤੇ ਕੁੱਤਿਆਂ ਨੂੰ ਦੂਰ ਰੱਖੋ । ਆਮ ਤੌਰ 'ਤੇ, ਜੇਕਰ ਪੰਛੀਆਂ ਦਾ ਖੁਰਾਕ ਆਦਿ ਦਾ ਇੱਕ ਨਿਯਮਿਤ ਰੂਟੀਨ ਹੋਵੇ ਤਾਂ ਉਹ ਵੀ ਅਰਾਮਦੇਹ ਮਹਿਸੂਸ ਕਰਦੇ ਹਨ ।

**4. ਸਾਫ ਪਾਣੀ ਦੇਣਾ** : ਪੰਛੀਆਂ ਦੇ ਸਰੀਰ ਵਿਚ 70% ਪਾਣੀ ਹੁੰਦਾ ਹੈ । ਉਹਨਾਂ ਨੂੰ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਹਰ ਰੋਜ਼ ਸਾਫ, ਤਾਜ਼ੇ ਪਾਣੀ ਦੀ ਲੋੜ ਹੁੰਦੀ ਹੈ । ਮੁਰਗੀਆਂ ਖੁਰਾਕ ਦੀ ਕਮੀ ਨਾਲੋਂ ਪਾਣੀ ਦੀ ਕਮੀ ਨਾਲ ਵਧੇਰੇ ਤਣਾਅ ਵਿਚ ਆ ਜਾਂਦੀਆਂ ਹਨ । ਜੇਕਰ ਮੁਰਗੀਆਂ ਡੀਹਾਈਡ੍ਰੇਟ ਹੋ ਜਾਂਦੀਆਂ ਹਨ ਤਾਂ ਉਹ ਅੰਡੇ ਨਹੀਂ ਦਿੰਦੀਆਂ ।

**5. ਕੁਆਲਿਟੀ ਫੀਡ** : ਪੂਰੇ ਉਤਪਾਦਨ ਨਹੀ ਚੰਗੀ-ਗੁਣਵੱਤਾ ਵਾਲੀ ਖੁਰਾਕ ਦੇਣ ਦੀ ਲੋੜ ਹੈ । ਜੇਕਰ ਖੁਰਾਕ ਵਿਚ ਪ੍ਰੋਟੀਨ, ਊਰਜਾ ਆਦਿ ਦੀ ਕਮੀ ਹੋਵੇ ਤਾਂ ਪੂਰਾ ਉਤਪਾਦਨ ਨਹੀਂ ਲਿਆ ਜਾ ਸਕਦਾ । ਮੁਰਗੀਆਂ ਆਪਣੇ ਸਰੀਰ ਵਿਚ ਇਹਨਾਂ ਵਿੱਚੋਂ ਕੁੱਝ ਅਮੀਨੋ ਐਸਿਡ ਬਣਾ ਸਕਦੇ ਹਨ ਪਰ ਬਾਕੀਆਂ ਦੀ ਜ਼ਰੂਰਤ



ਪੂਰੀ ਕਰਨ ਲਈ ਪ੍ਰੋਟੀਨ ਭਰਪੂਰ ਖੁਰਾਕ ਦੇਣੀ ਜ਼ਰੂਰੀ ਹੈ । ਇਕੱਲੇ ਅਨਾਜ ਦਾ ਦਲੀਆ ਜਾਂ ਘਰੇਲੂ ਬੱਚ ਖੁੱਚ ਦੇਣ ਨਾਲ ਪੂਰਾ ਉਤਪਾਦਨ ਨਹੀਂ ਲਿਆ ਜਾ ਸਕਦਾ । ਅੰਡਾ ਉਤਪਾਦਨ ਕਰ ਰਹੇ ਪੰਛੀਆਂ ਨੂੰ ਲੇਅਰ ਫੀਡ ਦੇਣਾ ਜ਼ਰੂਰੀ ਹੈ ।

**6. ਕੈਲਸ਼ੀਅਮ ਅਤੇ ਵਿਟਾਮਿਨ ਡੀ** : ਅੰਡੇ ਦਾ ਖੋਲ ਮੁੱਖ ਤੌਰ 'ਤੇ ਕੈਲਸ਼ੀਅਮ ਕਾਰਬੋਨੇਟ ਦਾ ਬਣਿਆ ਹੁੰਦਾ ਹੈ । ਇੱਕ ਮੁਰਗੀ ਜਿਸ ਵਿਚ ਕੈਲਸ਼ੀਅਮ ਦੀ ਘਾਟ ਹੁੰਦੀ ਹੈ, ਉਹ ਨਰਮ ਖੋਲ ਵਾਲੇ ਜਾਂ ਖੋਲ ਰਹਿਤ ਅੰਡੇ ਦਿੰਦੀ ਹੈ । ਕੈਲਸ਼ੀਅਮ ਨੂੰ ਸਹੀ ਤਰੀਕੇ ਨਾਲ ਜਜ਼ਬ ਕਰਵਾਉਣ ਲਈ ਵਿਟਾਮਿਨ ਡੀ ਦੀ ਜ਼ਰੂਰਤ ਹੁੰਦੀ ਹੈ । ਵਿਟਾਮਿਨ ਡੀ ਦੀ ਘਾਟ ਨਾਲ ਕੈਲਸ਼ੀਅਮ ਦੀ ਘਾਟ ਆ ਜਾਂਦੀ ਹੈ ਅਤੇ ਅੰਡਿਆਂ ਦਾ ਉਤਪਾਦਨ ਘੱਟ ਜਾਂਦਾ ਹੈ । ਕੈਲਸ਼ੀਅਮ ਦੀ ਜ਼ਰੂਰਤ ਪੂਰੀ ਕਰਨ ਲਈ ਖੁਰਾਕ ਵਿਚ ਚੂਨਾ ਪੱਥਰੀ ਰਲਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ।

**7. ਖੁੱਲਾ ਰਿਹਾਇਸ਼ੀ ਪ੍ਰਬੰਧ** : ਮੁਰਗੀਆਂ ਭੀੜ ਵਿਚ ਰਹਿਣਾ ਪਸੰਦ ਨਹੀਂ ਕਰਦੀਆਂ ਅਤੇ ਤਣਾਅ ਵਿਚ ਆ ਜਾਂਦੀਆਂ ਹਨ । ਭੀੜ ਦੇ ਤਣਾਅ ਕਾਰਨ ਪੰਛੀਆਂ ਨੂੰ ਸਿਹਤ ਅਤੇ ਵਿਵਹਾਰ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ ਅਤੇ ਇੱਕ ਦੂਜੇ ਨੂੰ ਚੁੰਝਾਂ ਮਾਰਨਾ ਖੰਭ ਤੋੜਨਾ, ਅੰਡੇ ਖਾਣਾ ਆਦਿ ਵਿਕਾਰ ਆ ਸਕਦੇ ਹਨ ।

**8. ਰੌਸ਼ਨੀ ਦਾ ਪ੍ਰਬੰਧ** : ਅੰਡਾ ਉਤਪਾਦਨ ਲਈ ਮੁਰਗੀਆਂ ਨੂੰ 14 ਘੰਟੇ ਦੀ ਦਿਨ ਦੀ ਰੌਸ਼ਨੀ ਚਾਹੀਦੀ ਹੁੰਦੀ ਹੈ । ਸਰਦੀਆਂ ਵਿਚ ਰੌਸ਼ਨੀ ਦਾ ਅੰਤਰਾਲ ਘਟਣ ਕਾਰਨ ਅੰਡਿਆਂ ਦਾ ਉਤਪਾਦਨ ਘਟਣਾ ਸੁਭਾਵਕ ਹੈ । ਵਧੇਰੇ ਅੰਤਰਾਲ ਦੀ ਰੌਸ਼ਨੀ ਨਾਲ ਵਧੇਰੇ ਅੰਡਾ ਉਤਪਾਦਨ ਹੁੰਦਾ ਹੈ ।

**9. ਸ਼ੈੱਡ ਵਿਚ ਸਫਾਈ ਦਾ ਪ੍ਰਬੰਧ** : ਗੰਦੀ ਥਾਂ ਤੇ ਰਹਿਣ ਨਾਲ ਪੰਛੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ ਇਸ ਲਈ ਜੇਕਰ ਉਹਨਾਂ ਨੂੰ ਛੋਟੀ ਥਾਂ ਤੇ ਵੀ ਰੱਖਿਆ ਜਾਂਦਾ ਹੈ ਤਾਂ ਉਹ ਵੀ ਸਾਫ ਅਤੇ ਹਵਾਦਾਰ ਹੋਣੀ ਚਾਹੀਦੀ ਹੈ ।

**10. ਪਰਜੀਵੀਆਂ ਦਾ ਸੰਕਰਮਣ** : ਬਾਹਰੀ ਪਰਜੀਵੀ ਜਿਵੇਂ ਕਿ ਜੂੰਆਂ ਆਦਿ ਨਾ ਸਿਰਫ ਕੱਟਣ ਅਤੇ ਚਮੜੀ ਦੀ ਜਲਣ ਦੁਆਰਾ ਪੰਛੀਆਂ ਨੂੰ ਪਰੇਸ਼ਾਨ ਕਰਦੇ ਹਨ ਬਲਕਿ ਕਈ ਬੀਮਾਰੀਆਂ ਦਾ ਕਾਰਨ ਵੀ ਬਣਦੇ ਹਨ । ਨਿਯਮਿਤ ਸਿਹਤ ਜਾਂਚ ਕਰਵਾ ਕੇ, ਇਹਨਾਂ ਸਾਰੀਆਂ ਸਮੱਸਿਆਵਾਂ ਨੂੰ ਕਾਬੂ ਵਿਚ ਰੱਖਿਆ ਜਾ ਸਕਦਾ ਹੈ ।

**11. ਮੋਲਟਿੰਗ ਦੌਰਾਨ ਸਹਾਇਤਾ** : ਮੋਲਟਿੰਗ ਮੁਰਗੀਆਂ ਲਈ ਇਕ ਸਰੀਰਕ ਤਣਾਅ ਦਾ ਸਮਾਂ ਹੈ । ਇਸ ਦੌਰਾਨ ਪੰਛੀ ਆਪਣੇ ਪੁਰਾਣੇ ਖੰਭਾਂ ਨੂੰ ਗੁਆ ਰਹੇ ਹੁੰਦੇ ਹਨ ਅਤੇ ਫਿਰ ਨਵੇਂ ਖੰਭ ਆਉਂਦੇ ਹਨ । ਆਉਣ ਵਾਲੇ ਨਵੇਂ ਖੰਭਾਂ ਨਾਲ ਖੂਨ ਅਤੇ ਨਸਾਂ ਦੀ ਸਪਲਾਈ ਵੀ ਵੱਧ ਜਾਂਦੀ ਹੈ ਜਿਸ ਕਾਰਨ ਉਹ ਛੂਹਣ ਪ੍ਰਤੀ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ । ਮੋਲਟਿੰਗ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਢੁੱਕਵੀਂ ਖੁਰਾਕ ਅਤੇ ਸਾਂਭ ਸੰਭਾਲ ਨਾਲ ਪੰਛੀਆਂ ਦੀ ਸਰੀਰਕ ਤਕਲੀਫ ਨੂੰ ਘਟਾਇਆ ਜਾ ਸਕਦਾ ਹੈ । ਮੋਲਟਿੰਗ ਦੇ ਦੌਰਾਨ ਉਹਨਾਂ ਦੇ ਖੁਰਾਕੀ ਪ੍ਰੋਟੀਨ ਦੀ ਮਾਤਰਾ ਨੂੰ 20% ਤੋਂ 22% ਤੱਕ ਵਧਾਉਣ ਦੀ ਅਤੇ ਉਪਯੁਕਤ ਵਿਟਾਮਿਨ ਸਪਲੀਮੈਂਟ ਦੇਣ ਦੀ ਜ਼ਰੂਰਤ ਹੋਏਗੀ ।

**12. ਬਿਮਾਰੀਆਂ ਤੋਂ ਬਚਾਅ** : ਪੰਛੀਆਂ ਨੂੰ ਲੱਗੀ ਲਾਗ ਵਾਲੀ ਜਾਂ ਬਿਨਾਂ ਲਾਗ ਵਾਲੀ ਬੀਮਾਰੀ ਕਾਰਨ ਅੰਡੇ ਦੇ ਰਹੀਆਂ ਮੁਰਗੀਆਂ ਦਾ ਉਤਪਾਦਨ ਪ੍ਰਭਾਵਿਤ ਹੁੰਦਾ ਹੈ । ਇਸ ਲਈ ਬੀਮਾਰੀਆਂ ਦੀ ਰੋਕਥਾਮ ਲਈ ਮਲੱਪਾਂ ਦੀ ਦਵਾਈ, ਸ਼ੈੱਡ ਨੂੰ ਸੰਕਰਮਣ ਰਹਿਤ ਕਰਨਾ (ਫਿਊਮੀਗੇਸ਼ਨ ਕਰਨਾ), ਟੀਕਾਕਰਣ ਆਦਿ ਕਿਰਿਆਵਾਂ ਨੇਮ ਨਾਲ ਕਰਨੀਆਂ ਅਤੀ ਜ਼ਰੂਰੀ ਹੈ ।

## ਪਿਆਰੀਆਂ ਚਿੜੀਆਂ

ਚਿੜੀ ਛੋਟੇ ਪੰਛੀਆਂ ਦੀ ਸ਼੍ਰੇਣੀ 'ਚ ਆਉਂਦੀ ਹੈ । ਉਹ ਵੱਡੇ ਝੁੰਡ ਬਣਾਉਣ ਲਈ ਜਾਣੀ ਜਾਂਦੀ ਹੈ, ਖਾਸ ਕਰਕੇ ਗੈਰ-ਪ੍ਰਜਨਨ ਦੇ ਮੌਸਮ ਦੌਰਾਨ । ਇਹ ਝੁੰਡ ਸੁਰੱਖਿਆ ਅਤੇ ਦੋਸਤੀ ਦੀ ਭਾਵਨਾ ਪ੍ਰਦਾਨ ਕਰਦੇ ਹਨ, ਕਿਉਂਕਿ ਚਿੜੀਆਂ ਸ਼ਿਕਾਰੀਆਂ ਤੋਂ ਬਚਣ ਅਤੇ ਭੋਜਨ ਦੇ ਸਰੋਤਾਂ ਦਾ ਪਤਾ ਲਗਾਉਣ ਲਈ ਆਪਣੀ ਗਿਣਤੀ 'ਤੇ ਨਿਰਭਰ ਕਰਦੀਆਂ ਹਨ । ਉਹ ਵਿਸ਼ਵ ਭਰ 'ਚ ਵਿਆਪਕ ਤੌਰ 'ਤੇ ਪਾਈਆਂ ਜਾਂਦੀਆਂ ਹਨ ਅਤੇ ਉਹ ਆਪਣੀ ਅਨੁਕੂਲਤਾ ਅਤੇ ਸਮਾਜਿਕਤਾ ਲਈ ਜਾਣੀਆਂ ਜਾਂਦੀਆਂ ਹਨ । ਇਹ ਚਿੜੀਆਂ ਬਹੁਤ ਸਾਰੇ ਸ਼ਹਿਰੀ ਅਤੇ ਉਪਨਗਰੀ ਵਾਤਾਵਰਨਾਂ ਦਾ ਇਕ ਅਨਿੱਖੜਵਾਂ ਅੰਗ ਬਣ ਗਈਆਂ ਹਨ । ਉਹ ਅਕਸਰ ਰੁੱਖਾਂ ਅਤੇ ਘਰਾਂ ਦੀਆਂ ਛੱਤਾਂ ਉੱਤੇ ਆਲ੍ਹਣੇ ਬਣਾ ਕੇ ਰਹਿੰਦੀਆਂ ਹਨ । ਉਨ੍ਹਾਂ ਦੇ ਛੋਟੇ ਆਕਾਰ ਅਤੇ ਤੇਜ਼ ਹਰਕਤਾਂ ਉਨ੍ਹਾਂ ਨੂੰ ਸ਼ਾਨਦਾਰ ਉਡਾਰੂ (ਫਲਾਇਰ) ਬਣਾਉਂਦੀਆਂ ਹਨ ਅਤੇ ਉਨ੍ਹਾਂ ਦੀ ਸੁਰੀਲੀ ਚਹਿਕ ਸਾਡੇ ਰੋਜ਼ਾਨਾ ਜੀਵਨ 'ਚ ਇਕ ਸੁਹਾਵਣਾ ਤਰੰਗਮਈ ਸੰਗੀਤ ਛੇੜਦੀ ਹੈ । ਚਿੜੀਆਂ ਬਹੁਤ ਜ਼ਿਆਦਾ ਮਿਲਣਸਾਰ ਜੀਵ ਵੀ ਹਨ । ਉਨ੍ਹਾਂ ਦੀ ਮੌਜੂਦਗੀ ਸਾਡੇ ਆਲੇ-ਦੁਆਲੇ ਦੇ ਮਾਹੌਲ, ਆਵਾਜ਼ ਅਤੇ ਵਾਤਾਵਰਨ ਦੀ ਸੁੰਦਰਤਾ ਨੂੰ ਵਧਾਉਂਦੀ ਹੈ ।



ਚਿੜੀਆਂ ਨੂੰ ਦੇਖਣਾ ਸਾਨੂੰ ਲਚਕੀਲੇਪਣ, ਅਨੁਕੂਲਤਾ ਅਤੇ ਭਾਈਚਾਰੇ ਦੀ ਮਹੱਤਤਾ ਬਾਰੇ ਕੀਮਤੀ ਸਬਕ ਸਿਖਾ ਸਕਦਾ ਹੈ ।

**ਜਨਮੇਜਾ ਸਿੰਘ ਜੌਹਲ,**
**ਮੋਬਾਇਲ** : 98159-45018

ਬਾਕੀ ਸਫਾ 2 ਦੀ

## ਕਮਾਦ ਤੋਂ ਵੱਧ ਮੁਨਾਫੇ ਲਈ ਫਸਲ ਉਤਪਾਦਨ ਤਕਨੀਕਾਂ

ਕਮਾਦ ਦੀਆਂ ਲਾਈਨਾਂ ਵਿਚਕਾਰ ਝੋਨੇ ਦੀ ਪਰਾਲੀ, ਫੱਕ, ਕਮਾਦ ਦੀ ਖੋਰੀ ਜਾਂ ਦਰੱਖਤਾਂ ਦੇ ਪੱਤੇ 20-25 ਕੁਇੰਟਲ ਪ੍ਰਤੀ ਏਕੜ ਦੀ ਤਹਿ ਵਿਛਾ ਦਿਓ । ਜਿਹੜੀਆਂ ਜ਼ਮੀਨਾਂ ਵਿਚ ਪਾਣੀ ਦੀ ਸਹੂਲਤ ਘੱਟ ਹੋਵੇ ਉੱਥੇ ਇਸ ਤਰ੍ਹਾਂ ਨਾਲ ਕਮਾਦ ਦੀ ਉਪਜ ਵਿੱਚ ਵੀ ਵਾਧਾ ਹੁੰਦਾ ਹੈ ।

**ਸਿੰਚਾਈ ਅਤੇ ਜਲ ਨਿਕਾਸ** : ਅਪ੍ਰੈਲ ਤੋਂ ਜੂਨ ਮਹੀਨਿਆਂ ਦੌਰਾਨ ਗਰਮ ਅਤੇ ਖੁਸ਼ਕ ਮੌਸਮ ਹੋਣ ਕਰਕੇ ਕਮਾਦ ਦੀ ਫਸਲ ਦੀ ਸਿੰਚਾਈ 7-12 ਦਿਨਾਂ ਦੇ ਵਕਫੇ ਤੇ ਕਰਕੇ ਰਹੋ । ਜੇਕਰ ਬਰਸਾਤਾਂ ਦੌਰਾਨ ਫਸਲ ਵਿੱਚ ਪਾਣੀ ਖੜ੍ਹਾ ਹੋ ਜਾਵੇ ਉਸ ਦਾ ਨਿਕਾਸ ਕਰ ਦਿਓ । ਸਰਦੀਆਂ ਵਿਚ (ਨਵੰਬਰ-



ਜਨਵਰੀ) ਦੌਰਾਨ ਕਮਾਦ ਨੂੰ ਪਾਣੀ ਇੱਕ ਮਹੀਨੇ ਦੇ ਵਕਫੇ ਤੇ ਲਗਾਓ ।

ਪਾਣੀ ਦੀ ਬੱਚਤ ਤੁਪਕਾ ਸਿੰਚਾਈ ਵਿਧੀ ਨਾਲ ਵੀ ਕੀਤੀ ਜਾ ਸਕਦੀ ਹੈ ਜਿਸ ਦੇ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਨਦੀਨਾਂ ਦੀ ਭਰਮਾਰ ਨੂੰ ਵੀ ਠੱਲ ਪਾਉਣ ਵਿਚ ਵੀ ਸਹਾਈ ਹੁੰਦੀ ਹੈ । ਦੋਹਰੀ ਕਤਾਰੀ ਵਿਧੀ (120:30 ਸੈਂਟੀਮੀਟਰ) ਰਾਹੀਂ ਬੀਜੇ ਕਮਾਦ ਦੀਆਂ 150 ਸੈਂਟੀਮੀਟਰ ਦੀ ਦੂਰੀ ਤੇ ਜ਼ਮੀਨਦੋਜ਼ 20 ਸੈਂਟੀਮੀਟਰ ਦੀ ਡੂੰਘਾਈ ਤੇ ਦਬਾਈਆਂ ਪਾਈਪਾਂ ਰਾਹੀਂ ਹਰੇਕ ਤੀਸਰੇ ਦਿਨ ਸਿੰਚਾਈ ਕਰੋ । ਜੇਕਰ ਤੁਪਕਾ ਸਿੰਚਾਈ ਦਾ ਵਹਾਅ 2.2 ਲਿਟਰ ਪ੍ਰਤੀ ਘੰਟਾ ਹੋਵੇ ਤਾਂ ਅਪ੍ਰੈਲ ਤੋਂ ਜੂਨ ਮਹੀਨੇ ਤੱਕ 120 ਮਿੰਟ, ਜੁਲਾਈ ਤੋਂ ਅਗਸਤ 100 ਮਿੰਟ, ਸਤੰਬਰ ਅਕਤੂਬਰ 80 ਮਿੰਟ ਅਤੇ ਨਵੰਬਰ ਤੋਂ ਦਸੰਬਰ ਤੱਕ 60 ਮਿੰਟ ਲਈ ਸਿੰਚਾਈ ਕਰੋ ।

ਫਸਲ ਨੂੰ ਡਿੱਗਣ ਤੋਂ ਬਚਾਉਣ ਲਈ ਫਸਲ ਦੀ ਬਿਜਾਈ ਹਮੇਸ਼ਾਂ ਡੂੰਘੀਆਂ ਖਾਲੀਆਂ ਵਿੱਚ ਹੀ ਕਰੋ ਅਤੇ ਮੌਨਸੂਨ ਤੋਂ ਪਹਿਲਾਂ, ਜੂਨ ਦੇ ਅੰਤ ਵਿੱਚ ਹੀ ਮਿੱਟੀ ਚੜ੍ਹਾ ਦਿਓ । ਅਗਸਤ ਦੇ ਅੰਤ ਜਾਂ ਸਤੰਬਰ ਦੇ ਸ਼ੁਰੂ 'ਚ ਫਸਲ ਦੇ ਮੂੰਏ ਬੰਨ੍ਹੋ । ਮੂੰਏ ਬਨਦੇ ਹੋਏ ਧਿਆਨ ਦੇਣ ਯੋਗ ਹੈ ਕਿ, ਦੋ ਕਤਾਰਾਂ ਦੇ ਇਕੱਠੇ ਮੂੰਏ ਬੰਨ੍ਹਣ ਨਾਲ ਵਾਧੇ ਵਿੱਚ ਰੁਕਾਵਟ ਪੈਂਦੀ ਹੈ ।

**ਮੂਢੀ ਫਸਲ** : ਚੰਗੀ ਮੂਢੀ ਫਸਲ ਲਈ ਕਟਾਈ ਜ਼ਮੀਨ ਦੇ ਨੇੜਿਓਂ ਕਰੋ, ਤਾਂ ਕਿ ਪੁੰਗਾਰਾ ਵੱਧ ਹੋਵੇ ਜਾਂ ਥਾਂ ਖਾਲੀ ਰਹਿ ਜਾਵੇ ਤਾਂ ਮਾਰਚ ਦੇ ਸ਼ੁਰੂ ਵਿੱਚ ਤਿੰਨ ਅੱਖਾਂ ਵਾਲੇ ਬਰੋਟੇ ਵਿਚ ਲਗਾ ਦਿਓ । ਮੂਢੀ ਫਸਲ ਨੂੰ ਖਾਦ ਦੀ ਡੇਢ ਗੁਣਾਂ ਵੱਧ ਲੋੜ ਪੈਂਦੀ ਹੈ । ਇਸ ਕਰਕੇ ਮੂਢੀ ਫਸਲ ਨੂੰ 90 ਕਿਲੋ ਨਾਈਟ੍ਰੋਜਨ (195 ਕਿਲੋ ਯੂਰੀਆ), ਤਿੰਨ ਬਰਾਬਰ ਹਿੱਸਿਆਂ ਵਿਚ ਕਰਕੇ ਪਾਓ । 65 ਕਿਲੋ ਯੂਰੀਆ ਫਰਵਰੀ ਵਿਚ ਪਹਿਲੀ ਗੋਡੀ ਨਾਲ, 65 ਕਿਲੋ ਅਪ੍ਰੈਲ ਤੇ ਬਾਕੀ 65 ਕਿਲੋ ਜੂਨ ਦੇ ਸ਼ੁਰੂ ਵਿਚ ਪਾਓ । ਟਰੈਕਟਰ ਦੇ ਟਿੱਲਰ ਜਾਂ ਰੋਟਰੀ ਵੀਡਰ ਨਾਲ ਗੋਡੀ ਕਰਕੇ ਫਸਲ ਨੂੰ ਨਦੀਨਾਂ ਤੋਂ ਸਾਫ ਰੱਖੋ ਜਾਂ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਕਰੋ । ਮੂਢੀ ਫਸਲ ਤੇ ਅਗੇਤੀ ਫੋਟ ਦੇ ਗੜੂੰਏਂ ਅਤੇ ਕਾਲੇ ਖਟਮਲ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਦੀ ਰੋਕਥਾਮ ਸਮੇਂ ਸਿਰ ਸਿਫਾਰਿਸ਼ ਅਨੁਸਾਰ ਕਰੋ ।



# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ। **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਜਸਪਾਲ ਸਿੰਘ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

## ਕਣਕ

ਸਮੇਂ ਸਿਰ ਬੀਜੀ ਕਣਕ ਨੂੰ ਅਖੀਰ ਮਾਰਚ ਦੇ ਆਸ-ਪਾਸ ਅਖੀਰਲਾ ਪਾਣੀ ਦੇ ਦਿਓ। ਪਿਛੇਤੀ ਬੀਜੀ ਕਣਕ ਨੂੰ 10 ਅਪ੍ਰੈਲ ਤੱਕ ਆਖਰੀ ਪਾਣੀ ਲਗਾਓ। ਹੁਣ ਤੱਕ ਪੱਤਿਆਂ ਦੀ ਕਾਂਗਿਆਰੀ ਤੋਂ ਪ੍ਰਭਾਵਤ ਬੂਟੇ ਚੰਗੀ ਤਰ੍ਹਾਂ ਦਿਖਾਈ ਦੇਣ ਲੱਗ ਪਏ ਹੋਣਗੇ। ਅਜਿਹੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਦਿਉ ਅਤੇ ਨਸ਼ਟ ਕਰ ਦਿਓ ਤਾਂ ਜੋ ਬਿਮਾਰੀ ਨੂੰ ਅਗਲੇ ਸਾਲ ਲਈ ਘਟਾਇਆ ਜਾ ਸਕੇ। ਬੀਜ ਵਾਸਤੇ ਰੱਖੀ ਫਸਲ ਵਿੱਚੋਂ ਕਾਂਗਿਆਰੀ ਦੇ ਸਿੱਟੇ ਕੱਢ ਦਿਓ। ਜਦੋਂ ਚੇਪੇ ਦਾ ਹਮਲਾ 5 ਚੇਪੇ ਪ੍ਰਤੀ ਸਿੱਟਾ ਤੱਕ ਪਹੁੰਚ ਜਾਵੇ ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦਾ ਹਫਤੇ-ਹਫਤੇ ਦੇ ਵਕਫੇ ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਤਾਕਤ



(ਥਾਇਆਮੈਥੋਕਸਮ) ਦਾ ਇਕ ਛਿੜਕਾਅ 80-100 ਲਿਟਰ ਪਾਣੀ ਵਿੱਚ ਘੋਲ ਕੇ ਕਰੋ। ਜੇਕਰ ਕਣਕ ਦੀਆਂ ਬੱਲੀਆਂ ਤੇ ਸੈਨਿਕ ਸੁੰਡੀ/ਛੋਲਿਆਂ ਦੇ ਡੱਡਿਆਂ ਦੀ ਸੁੰਡੀ ਦਾ ਨੁਕਸਾਨ ਨਜ਼ਰ ਆਵੇ ਤਾਂ ਇਹਨਾਂ ਕੀੜਿਆਂ ਦੀ ਰੋਕਥਾਮ ਲਈ 40 ਮਿਲੀਲਿਟਰ ਕੋਰਾਜਨ 18.5 ਤਾਕਤ ਜਾਂ 400 ਮਿਲੀਲਿਟਰ ਐਕਾਲਕਸ 25 ਤਾਕਤ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ) ਪਹਿਲਾ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਏਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ।

## ਗਰਮੀ ਰੁੱਤ ਦੀਆਂ ਦਾਲਾਂ

ਸੱਠੀ ਮੂੰਗੀ ਦੀ ਕਿਸਮ ਐਸ. ਐਮ ਐਲ-1827, ਐਸ. ਐਮ ਐਲ-668, ਐਸ. ਐਮ ਐਲ-832 ਅਤੇ ਮਾਂਹ ਦੀ



ਕਿਸਮ ਮਾਂਹ-1137, ਮਾਂਹ-1008 ਦੀ ਬਿਜਾਈ ਅੱਧ ਮਾਰਚ ਤੋਂ ਸ਼ੁਰੂ ਕਰ ਦਿਓ। ਸੱਠੀ ਮੂੰਗੀ ਐਸ. ਐਮ ਐਲ-668 ਲਈ 15 ਕਿਲੋ ਅਤੇ ਐਸ. ਐਮ ਐਲ-1827, ਐਸ. ਐਮ ਐਲ-832 ਲਈ 12 ਕਿਲੋ ਅਤੇ ਮਾਂਹ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਵਰਤੋ। ਮੂੰਗੀ ਲਈ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਅਤੇ ਮਾਂਹ ਲਈ 11 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਵਰਤੋ। ਜੇਕਰ ਮੂੰਗੀ ਆਲੂਆਂ ਤੋਂ ਬਾਅਦ ਬੀਜਣੀ ਹੋਵੇ ਤਾਂ ਕਿਸੇ ਵੀ ਖਾਦ ਦੀ ਲੋੜ ਨਹੀਂ। ਸੱਠੀ ਮੂੰਗੀ ਦੇ ਬੀਜ ਨੂੰ ਮਿਸ਼ਰਤ ਜੀਵਾਣੂੰ ਖਾਦ ਅਤੇ ਮਾਂਹ ਦੇ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਲਗਾ ਕੇ ਬੀਜਣ ਨਾਲ ਝਾੜ ਵੱਧਦਾ ਹੈ।

## ਤੇਲ ਬੀਜ

ਰਾਇਆ ਦੀਆਂ ਫਲੀਆਂ ਨੂੰ ਚਿੱਟੀ ਕੁੰਗੀ ਅਤੇ ਝੁਲਸ ਰੋਗ ਤੋਂ ਬਚਾਉਣ ਲਈ, 0.25% ਰਿਡੋਮਿਲ ਗੋਲਡ (250 ਗ੍ਰਾਮ) ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕੋ। ਰਾਇਆ ਅਤੇ ਗੋਭੀ ਸਰ੍ਹੋਂ ਤੇ ਚੇਪੇ ਦੀ ਰੋਕਥਾਮ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80 ਤੋਂ 125 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਫਸਲ ਤੇ ਛਿੜਕਾਅ ਸ਼ਾਮ ਨੂੰ ਕਰੋ ਤਾਂ ਜੋ ਪਰ-ਪਰਾਗਣ ਕਰਨ ਵਾਲੇ ਕੀੜੇ ਅਤੇ ਸ਼ਹਿਦ ਦੀਆਂ ਮੱਖੀਆਂ ਨਾ ਮਰਨ। ਸੂਰਜਮੁਖੀ ਦੀ ਫਸਲ ਨੂੰ ਦੋ ਹਫਤੇ ਦੇ ਵਕਫੇ ਤੇ ਪਾਣੀ ਦਿਓ।

## ਕਮਾਦ

ਗੰਨੇ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ 15023, ਸੀ ਓ ਪੀ ਬੀ-92, ਸੀ ਓ-118, ਸੀ ਓ ਜੇ-85, ਸੀ ਓ ਜੇ-64 (ਅਗੇਤੀ ਪੱਕਣ ਵਾਲੀ), ਸੀ ਓ ਪੀ ਬੀ-98, ਸੀ ਓ ਪੀ ਬੀ-93, ਸੀ ਓ ਪੀ ਬੀ-94, ਸੀ ਓ-238, ਸੀ ਓ ਪੀ ਬੀ-91 ਅਤੇ ਸੀ ਓ ਜੇ-88, (ਦਰਮਿਆਨੀਆਂ ਪਿਛੇਤੀ) ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਇਸ ਮਹੀਨੇ ਦੇ ਅਖੀਰ ਤੱਕ ਪੂਰੀ ਕਰ ਲਵੋ। ਗੰਨੇ ਦੀ ਬਿਜਾਈ ਲਈ ਜੋ ਬੀਜ ਚੁਣਿਆ ਹੈ ਉਹ ਰੱਤਾ ਰੋਗ, ਸੋਕੜਾ, ਕਾਂਗਿਆਰੀ, ਮੁੱਢੇ ਕਮਾਦ ਦਾ ਮਧਰੇਪਣ ਦਾ ਰੋਗ ਅਤੇ ਘਾਹ ਵਰਗੀਆਂ ਸ਼ਾਖਾਂ ਦੇ ਰੋਗ ਤੋਂ ਮੁਕਤ ਹੋਣਾ ਚਾਹੀਦਾ ਹੈ। ਗੰਨੇ ਦੀ ਫਸਲ ਨੂੰ ਉੱਗਣ ਵੇਲੇ ਸਿਉਂਕ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿੱਚ ਪਈਆਂ ਗੁੱਲੀਆਂ ਉੱਪਰ ਛਿੜਕੋ। ਕਮਾਦ ਦੇ ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿੱਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ। ਇਹ ਘੋਲ ਬਨਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿਚ ਘੋਲੋ ਜਾਂ ਗੁੱਲੀਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿਚ ਡੋਬ ਲਵੋ। ਗੰਨੇ ਦੀ ਫਸਲ ਨੂੰ ਉੱਗਣ ਵੇਲੇ ਅਗੇਤੀ ਫੋਟ ਦੇ ਗੜੂੰਏਂ ਦੇ ਹਮਲੇ ਤੋਂ ਬਚਾਉਣ ਲਈ ਖਾਲੀਆਂ ਵਿੱਚ ਪਈਆਂ ਪੋਰੀਆਂ ਉੱਪਰ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਮਿੱਟੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਵਰਤੋ। ਮੌਸਮੀ ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ



70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਾਰਮੈਕਸ ਜਾਂ ਕਲਾਸ 80 ਘੁਲਣਸ਼ੀਲ (ਡਾਈਯੂਰਾਨ) 800 ਗ੍ਰਾਮ ਪ੍ਰਤੀ ਏਕੜ ਜਾਂ 1000 ਗ੍ਰਾਮ ਪ੍ਰਤੀ ਏਕੜ ਅਥਾਰਟੀ ਨੈਕਸਟ 58 ਡਬਲਯੂ ਪੀ (ਸਲਫੈਂਟਰਾਜ਼ੋਨ + ਕਲੋਮਾਜ਼ੋਨ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨ ਅੰਦਰ ਛਿੜਕੋ। ਡੀਲੇ ਦੀ ਰੋਕਥਾਮ ਲਈ ਖੜ੍ਹੀ ਫਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਸਖਤ ਨਦੀਨ ਜਿਵੇਂ ਬਾਂਸ ਪੱਤੇ ਦੀ ਰੋਕਥਾਮ ਲਈ ਖੜੀ ਫਸਲ ਵਿਚ 800 ਗ੍ਰਾਮ ਪ੍ਰਤੀ ਏਕੜ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ ਜਾਂ ਕਲਾਸ 80 ਘੁਲਣਸ਼ੀਲ ਹੀ ਵਰਤੋਂ। ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 800 ਗ੍ਰਾਮ 2,4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2,4-ਡੀ ਅਮਾਈਨ ਸਾਲਟ 58 ਐਸ ਐਲ ਦਾ ਛਿੜਕਾਅ ਕਰੋ। ਕਮਾਦ ਦੀ ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਖੇਤ ਵਿਚ ਚੰਗੀ ਤਰ੍ਹਾਂ ਮਿਲਾ ਦਿਉ ਅਤੇ ਨਾਈਟਰੋਜਨ ਦੀ ਮਾਤਰਾ 60 ਕਿੱਲੋ ਦੀ ਥਾਂ 40 ਕਿਲੋ ਪ੍ਰਤੀ ਏਕੜ ਪਾਓ। ਪਰੰਤੂ ਹਲਕੀਆਂ ਜ਼ਮੀਨਾਂ ਵਿੱਚ ਜੇ ਸਿਫਾਰਸ਼ ਖਾਦਾਂ ਦੇ ਨਾਲ ਰੂੜੀ ਪਾਈ ਹੋਵੇ ਤਾਂ ਕਮਾਦ ਦਾ 10% ਵੱਧ ਝਾੜ ਲਿਆ ਜਾ ਸਕਦਾ ਹੈ। ਰੇਤਲੀਆਂ ਜ਼ਮੀਨਾਂ ਵਿੱਚ ਨਾਈਟਰੋਜਨ ਖਾਦ ਪਹਿਲੇ ਪਾਣੀ ਤੋਂ ਬਾਅਦ ਪਾਓ।

ਕਮਾਦ ਦੀ ਬਿਜਾਈ ਤੋਂ ਬਾਅਦ 65 ਕਿਲੋ ਯੂਰੀਆ ਪ੍ਰਤੀ ਏਕੜ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਪਾਓ। ਫਾਸਫੋਰਸ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 75 ਕਿਲੋ ਸੁਪਰਫਾਸਫੇਟ ਬਿਜਾਈ ਵੇਲੇ ਪਾਉ। ਕਮਾਦ ਦਾ ਚੰਗਾ ਝਾੜ ਲੈਣ ਲਈ ਅਜ਼ੋਟੋਬੈਕਟਰ ਜਾਂ ਕੰਨਸੋਰਸ਼ੀਅਮ ਬਾਇਓਫਰਟੀ ਲਾਈਜਰ 4 ਕਿਲੋ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਸਮੇਂ ਪਾਓ। ਪੱਤਝੜ ਰੁੱਤ ਦੇ ਕਮਾਦ ਨੂੰ 65 ਕਿਲੋ ਯੂਰੀਆ ਮਾਰਚ ਦੇ ਅਖੀਰ ਵਿਚ ਪਾ ਦਿਓ। ਵਧੇਰੇ ਆਮਦਨ ਲੈਣ ਲਈ ਕਮਾਦ ਦੀਆਂ ਦੋ ਕਤਾਰਾਂ ਵਿਚ ਇਕ ਕਤਾਰ ਸੱਠੀ ਮੂੰਗੀ ਜਾਂ ਮਾਂਹ/ਪੁਦੀਨੇ ਦੀ ਬੀਜੀ ਜਾ ਸਕਦੀ ਹੈ। ਇਹ ਗੰਨੇ ਦੀ ਫਸਲ ਦਾ ਨੁਕਸਾਨ ਨਹੀਂ ਕਰੇਗੀ।

## ਹਰੇ ਚਾਰੇ

ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ। ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ। ਚਾਰੇ ਦੀ ਕਮੀਂ ਵਾਲੇ ਦਿਨਾਂ ਲਈ ਬਰਸੀਮ ਅਤੇ ਜਵੀ ਨੂੰ ਸੰਭਾਲ ਲਵੋ। ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿੱਚੋਂ ਕਾਸ਼ਨੀ ਨਦੀਨ ਪੁੱਟ ਦਿਉ। ਅਮਰੀਕਨ ਸੁੰਡੀ ਦੇ ਹਮਲੇ ਦਾ ਖਿਆਲ ਰੱਖੋ। ਲੋੜ ਪੈਣ ਤੇ ਇਸ ਸੁੰਡੀ ਦੀ ਰੋਕਥਾਮ ਨੇੜੇ ਬੀਜੇ ਟਮਾਟਰ, ਛੋਲੇ, ਪਿਛੇਤੀ ਕਣਕ, ਸੱਠੀ ਮੂੰਗੀ, ਸੱਠੇ ਮਾਂਹ ਅਤੇ ਸੂਰਜਮੁੱਖੀ ਦੀ ਫਸਲ ਤੇ ਕਰੋ ਤਾਂ ਜੋ ਇਹ ਬਰਸੀਮ ਉੱਪਰ ਹਮਲਾ ਨਾ ਕਰ ਸਕੇ।

## ਸਬਜ਼ੀਆਂ ਦੀ ਕਾਸ਼ਤ

**ਮਿਰਚਾਂ :** ਮਿਰਚਾਂ ਦੀ ਸੀ ਐਚ-52, ਸੀ ਐਚ-3, ਸੀ ਐਚ-27, (ਹਾਈਬ੍ਰਿਡ) ਪੰਜਾਬ ਸੰਧੂਰੀ, ਪੰਜਾਬ ਤੇਜ, ਕਿਸਮਾਂ ਬੀਜੋ। ਖੇਤ ਤਿਆਰ ਕਰਨ ਤੋਂ ਪਹਿਲਾਂ 40 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਨੂੰ ਪ੍ਰਤੀ ਏਕੜ ਪਉ ਅਤੇ ਵੱਟਾਂ ਬਣਾ ਦਿਉ। ਪਨੀਰੀ ਵੱਟਾਂ ਉੱਪਰ 75 ਸੈਂ. ਮੀ. ਅਤੇ ਬੂਟਿਆਂ ਵਿਚਕਾਰ 60 ਸੈਂ. ਮੀ. ਦੇ ਫਾਸਲੇ ਤੇ




ਲਗਾ ਦਿਉ ਅਤੇ ਤੁਰੰਤ ਪਾਣੀ ਦਿਉ। ਫਿਰ 10-12 ਦਿਨਾਂ ਬਾਅਦ ਪਾਣੀ ਮਿੱਟੀ ਅਤੇ ਮੌਸਮ ਅਨੁਸਾਰ ਦਿੰਦੇ ਰਹੋ।

**ਪਿਆਜ਼ :** ਸਾਉਣੀ ਦੇ ਪਿਆਜ਼ ਦੀਆਂ ਗੱਠੀਆਂ ਤਿਆਰ ਕਰਨ ਲਈ ਮਾਰਚ ਦੇ ਦੂਜੇ ਪੰਦਰਵਾੜੇ ਵਿੱਚ ਐਗਰੀ ਫਾਉਂਡ ਡਾਰਕ ਰੈੱਡ ਦੀ ਨਰਸਰੀ ਵਿਚ ਬਿਜਾਈ ਕਰ ਦਿਉ। ਇਕ ਏਕੜ ਲਈ ਪੰਜ ਕਿਲੋ ਬੀਜ ਵਰਤੋ। ਇਹ ਬੀਜ ਅੱਠ ਮਰਲੇ ਵਿੱਚ ਬੈੱਡ ਬਣਾ ਕੇ ਬੀਜੋ। ਹਾੜ੍ਹੀ ਦੇ ਪਿਆਜ਼ ਦੀ ਫਸਲ ਤੇ ਥਰਿੱਪ ਕੀੜਾ ਭੂਕਾਂ ਵਿੱਚੋਂ ਰਸ ਚੂਸ ਕੇ ਚਿੱਟੇ ਧੱਬੇ ਪਾ ਦਿੰਦਾ ਹੈ। ਜਾਮਣੀ ਧੱਬੇ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ 300 ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫਿਲ ਐਮ-45 ਅਤੇ 200 ਮਿ.ਲਿ ਟ੍ਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਪ੍ਰਤੀ ਏਕੜ ਨਾਲ ਛਿੜਕਾਅ ਕਰੋ।

ਬਾਕੀ ਸਫਾ 10 'ਤੇ

# ਕੁਦਰਤ ਦਾ ਤੋਹਫਾ ਹਨ ਜਲਗਾਹਾਂ



**ਬਲਵਿੰਦਰ ਸਿੰਘ ਦੌਲਤਪੁਰਾ**, ਗਲੀ ਨੰ: 7, ਵਾਰਡ : 19/548,
ਅਹਾਤਾ ਬਦਨ ਸਿੰਘ, ਮੋਗਾ (ਪੰਜਾਬ), ਮੋਬਾਇਲ 98145-92534

**ਭੂਮਿਕਾ** : ਜਲਗਾਹਾਂ ਜ਼ਮੀਨ ਅਤੇ ਜਲ-ਪ੍ਰਨਾਲੀਆਂ ਵਿਚਕਾਰ ਉਹ ਸਥਾਨ ਹੁੰਦੀਆਂ ਹਨ ਜਿੱਥੇ ਪਾਣੀ ਦਾ ਧਰਤੀ ਦੀ ਸਤਹ ਦੇ ਨੇੜੇ ਹੁੰਦਾ ਹੈ ਜਾਂ ਪਾਣੀ ਘੱਟ ਡੂੰਘਾ ਹੁੰਦਾ ਹੈ। ਜਲਗਾਹਾਂ ਕਈ ਕਿਸਮਾਂ ਦੀਆਂ ਹੁੰਦੀਆਂ ਹਨ ਜਿਵੇਂ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਲਗਾਹਾਂ। ਕੁਝ ਜਲਗਾਹਾਂ ਕੁਦਰਤੀ ਹੁੰਦੀਆਂ ਹਨ ਅਤੇ ਕੁਝ ਮਸਨੂਈ ਯਾਨੀ ਮਨੁੱਖ ਦੁਆਰਾ ਬਣਾਈਆਂ ਜਾਂਦੀਆਂ ਹਨ। ਜਲਥਾਵਾਂ, ਝੀਲਾਂ, ਦਰਿਆ, ਦਲਦਲੀ ਇਲਾਕੇ, ਡੈਲਟਾ ਆਦਿ ਜਲਗਾਹਾਂ ਵਿਚ ਸ਼ਾਮਿਲ ਹਨ। ਦੁਨੀਆਂ ਭਰ ਵਿਚ ਧਰਤੀ ਦਾ ਲੱਗਭਗ 6 ਫੀਸਦੀ ਭੂਗੋਲਿਕ ਖੇਤਰਫਲ ਜਲਗਾਹਾਂ ਅਧੀਨ ਆਉਂਦਾ ਹੈ। ਭਾਰਤ ਵਿਚ ਲਗਭਗ 1.5 ਫੀਸਦੀ ਰਕਬੇ ਵਿਚ ਜਲਗਾਹਾਂ ਫੈਲੀਆਂ ਹੋਈਆਂ ਹਨ, ਜਦੋਂਕਿ ਪੰਜਾਬ ਵਿਚ ਲਗਭਗ 0.5 ਫੀਸਦੀ ਖੇਤਰਫਲ ਜਲਗਾਹਾਂ ਅਧੀਨ ਆਉਂਦਾ ਹੈ।

**ਵਿਸ਼ਵ ਜਲਗਾਹ ਦਿਵਸ** : ਜਲਗਾਹਾਂ ਦੇ ਮਹੱਤਵ ਅਤੇ ਬਚਾਓ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ 2 ਫਰਵਰੀ ਨੂੰ 'ਵਿਸ਼ਵ ਜਲਗਾਹ ਦਿਵਸ' ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 2 ਫਰਵਰੀ 1997 ਵਿਚ ਕੀਤੀ ਗਈ ਸੀ। ਇਸ ਦਿਨ ਨਾਲ ਸੰਬੰਧਿਤ ਹਰ ਸਾਲ ਵੱਖਰਾ ਥੀਮ ਹੁੰਦਾ ਹੈ। ਸਾਲ 2024 ਵਿਚ ਥੀਮ ਹੈ 'ਜਲਗਾਹਾਂ ਅਤੇ ਮਨੁੱਖੀ ਭਲਾਈ', ਇਸ ਦਿਨ ਸਕੂਲਾਂ, ਕਾਲਜਾਂ ਅਤੇ ਵਾਤਾਵਰਨ ਨਾਲ ਸਬੰਧਿਤ ਸੰਸਥਾਵਾਂ ਵਿਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਜਿਵੇਂ ਭਾਸ਼ਣ ਮੁਕਾਬਲੇ, ਸੈਮੀਨਾਰ, ਰੈਲੀ, ਪੋਸਟਰ ਮੁਕਾਬਲੇ ਆਦਿ ਆਯੋਜਿਤ ਕੀਤੀਆਂ ਜਾਂਦੀਆਂ ਹਨ।



**ਰਾਮਸਰ ਸੰਧੀ** : ਯੂਨੈਸਕੋ ਦੀ ਅਗਵਾਈ ਅਧੀਨ 2 ਫਰਵਰੀ 1971 ਨੂੰ ਈਰਾਨ ਦੇ ਰਾਮਸਰ ਸ਼ਹਿਰ 'ਚ ਸੰਮੇਲਨ (ਕਨਵੈਨਸ਼ਨ) ਹੋਇਆ, ਜਿਸ ਨੂੰ 'ਰਾਮਸਰ ਸੰਧੀ' ਕਿਹਾ ਜਾਂਦਾ ਹੈ। ਇਸ ਸੰਧੀ ਵਿਚ ਜਲਗਾਹਾਂ ਦੀ ਸਾਂਭ-ਸੰਭਾਲ ਅਤੇ ਇਨ੍ਹਾਂ ਦੀ ਸਿਆਣਪ ਨਾਲ ਵਰਤੋਂ ਲਈ ਕੌਮਾਂਤਰੀ ਇਕਰਾਰਨਾਮਾ ਹੋਇਆ ਜੋ 21 ਦਸੰਬਰ 1975 'ਚ ਲਾਗੂ ਹੋਇਆ। ਭਾਰਤ 1 ਫਰਵਰੀ 1982 ਨੂੰ ਰਾਮਸਰ ਸੰਧੀ ਦਾ ਹਿੱਸਾ ਬਣਿਆ। ਰਾਮਸਰ ਸੰਧੀ ਅਧੀਨ ਜਲਗਾਹਾਂ ਨੂੰ ਬਚਾਉਣ ਲਈ ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜੰਗਲਾਤ ਮਹਿਕਮੇ ਵਲੋਂ ਕਦਮ ਚੁੱਕੇ ਜਾ ਰਹੇ ਹਨ।

ਪੂਰੀ ਦੁਨੀਆਂ ਵਿਚ ਲੱਗਭਗ 2400 ਜਲਗਾਹਾਂ ਰਾਮਸਰ ਸਥਾਨ ਹਨ ਜੋ 2.5 ਮਿਲੀਅਨ ਵਰਗ ਕਿਲੋਮੀਟਰ ਖੇਤਰ ਨੂੰ ਘੇਰਦੀਆਂ ਹਨ। ਦੁਨੀਆਂ ਦੀ ਸਭ ਤੋਂ ਵੱਡੀ ਜਲਗਾਹ 'ਪੈਂਟਾਨਲ ਜਲਗਾਹ' ਹੈ ਜੋ ਦੱਖਣੀ ਅਮਰੀਕਾ ਵਿਚ ਸਥਿਤ ਹੈ। ਸਭ ਤੋਂ ਵੱਧ ਗਿਣਤੀ ਵਾਲੀਆਂ ਰਾਮਸਰ ਥਾਵਾਂ ਬਰਤਾਨੀਆ ਦੇਸ਼ 'ਚ ਹਨ। ਭਾਰਤ ਦੀ ਸਭ ਤੋਂ ਵੱਡੀ ਜਲਗਾਹ ਪੱਛਮੀ ਬੰਗਾਲ ਦਾ ਸੁੰਦਰਬਨ ਨੈਸ਼ਨਲ ਪਾਰਕ ਹੈ। ਇਸ ਦਾ ਖੇਤਰਫਲ 10237 ਵਰਗ ਕਿਲੋਮੀਟਰ ਹੈ। ਜੰਮੂ ਕਸ਼ਮੀਰ ਦੀ ਵੂਲਾਰ ਝੀਲ ਏਸ਼ੀਆ ਦੀ ਸਭ ਤੋਂ ਵੱਡੀ ਜਲਗਾਹ ਹੈ। ਸਿਰਫ 20 ਹੈਕਟੇਅਰ ਖੇਤਰਫਲ ਵਾਲੀ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ 'ਚ ਰੇਣੂਕਾ ਜਲਗਾਹ ਭਾਰਤ ਵਿਚ ਸਭ ਤੋਂ ਛੋਟੀ ਰਾਮਸਰ ਸਾਈਟ ਹੈ। ਤਾਮਿਲਨਾਡੂ 'ਚ ਸਭ ਤੋਂ ਵੱਧ 14 ਜਲਗਾਹਾਂ ਹਨ। ਮੱਧ ਪ੍ਰਦੇਸ਼ ਦੀ ਭੋਜ ਜਲਗਾਹ ਭਾਰਤ ਦੀ ਪਹਿਲੀ ਮਸਨੂਈ ਜਲਗਾਹ ਹੈ ਜੋ 11ਵੀਂ ਸਦੀ ਵਿਚ ਰਾਜਾ ਭੋਜ ਨੇ ਬਣਵਾਈ ਸੀ। ਰਾਮਸਰ ਸੂਚੀ ਵਿਚ ਭਾਰਤ ਦੀ ਪਹਿਲੀ ਜਲਗਾਹ ਓਡੀਸ਼ਾ ਦੀ ਚਿਲਕਾ ਝੀਲ ਹੈ ਜਿਸ ਨੂੰ 1981 'ਚ ਸ਼ਾਮਿਲ ਕੀਤਾ ਗਿਆ ਸੀ। ਕੋਬੌਰਗ ਪ੍ਰਾਇਦੀਪ ਨੂੰ ਦੁਨੀਆਂ ਦੀ ਪਹਿਲੀ ਰਾਮਸਰ ਸਾਈਟ ਵਜੋਂ ਮਾਨਤਾ ਦਿੱਤੀ ਗਈ।

ਪੰਜਾਬ ਵਿਚ ਕੁੱਲ 21 ਜਲਗਾਹਾਂ ਹਨ। ਇਨ੍ਹਾਂ 'ਚੋਂ ਛੇ ਜਲਗਾਹਾਂ ਨੂੰ 'ਰਾਮਸਰ ਸਾਈਟਾਂ' ਯਾਨੀ ਅੰਤਰਰਾਸ਼ਟਰੀ ਮਹੱਤਤਾ ਵਾਲੀਆਂ ਜਲਗਾਹਾਂ ਵਜੋਂ ਮਾਨਤਾ ਦਿੱਤੀ ਗਈ ਹੈ ਜਿਨ੍ਹਾਂ ਵਿਚ ਹਰੀਕੇ ਜਲਗਾਹ, ਕਾਂਝਲੀ ਜਲਗਾਹ, ਰੋਪੜ ਜਲਗਾਹ, ਨੰਗਲ ਜੰਗਲੀ ਜੀਵ ਰੱਖ, ਕੇਸ਼ੋਪੁਰ-ਮਿਆਣੀ ਜਲਗਾਹ ਅਤੇ ਬਿਆਸ ਜਲਗਾਹ ਸ਼ਾਮਿਲ ਹਨ। ਸੰਨ 1940 ਵਿਖ ਪੰਜਾਬ ਦੀਆਂ 32 ਕੁਦਰਤੀ ਜਲਗਾਹਾਂ ਸਨ ਜਿਨ੍ਹਾਂ ਵਿਚ ਛੰਬ, ਜਿਲਣ, ਦਲਦਲ ਵੀ ਸ਼ਾਮਿਲ ਸਨ, ਵਿਚੋਂ ਬਹੁਤੀਆਂ ਅਲੋਪ ਹੋ ਚੁੱਕੀਆਂ ਹਨ ਜਾਂ ਸੁੰਗੜ ਕੇ ਟੋਏ ਛੱਪੜ ਰਹਿ ਗਈਆਂ ਹਨ।

**ਹਰੀਕੇ ਜਲਗਾਹ** : ਹਰੀਕੇ ਜਲਗਾਹ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਵਿਚ ਸਥਿਤ ਹੈ। ਇਹ ਉੱਤਰੀ ਭਾਰਤ ਦੀ ਸਭ ਤੋਂ ਵੱਡੀ ਜਲਗਾਹ ਹੈ। ਇਹ ਜਲਗਾਹ ਸਤਲੁਜ ਅਤੇ ਬਿਆਸ ਦਰਿਆ ਦੇ ਸੰਗਮ ਉੱਪਰ ਉਸਾਰੇ ਗਏ ਬੰਨ੍ਹ ਕਾਰਨ 1952 ਵਿਚ ਹੋਂਦ 'ਚ ਆਈ। ਇਸ ਤਰ੍ਹਾਂ ਇਹ ਵੀ ਮਨੁੱਖ ਦੁਆਰਾ ਬਣਾਈ ਜਲਗਾਹ ਹੈ। 1990 'ਚ ਇਸ ਨੂੰ ਰਾਮਸਰ ਸੂਚੀ ਵਿਚ ਸ਼ਾਮਿਲ ਕੀਤਾ ਗਿਆ।

**ਕਾਂਝਲੀ ਜਲਗਾਹ** : ਕਾਂਝਲੀ ਜਲਗਾਹ ਕਪੂਰਥਲਾ ਤੋਂ 4 ਕਿਲੋਮੀਟਰ ਦੂਰੀ 'ਤੇ ਕਾਲੀ ਵੇਈਂ 'ਤੇ 1870 ਵਿਚ ਬੰਨ੍ਹ ਸਦਕਾ ਹੋਂਦ 'ਚ ਆਈ। ਇਹ ਵੀ ਮਨੁੱਖ ਦੁਆਰਾ ਬਣਾਈ ਜਲਗਾਹ ਹੈ। ਇਸ ਦਾ ਖੇਤਰਫਲ 490 ਹੈਕਟੇਅਰ (1200 ਏਕੜ) ਹੈ। ਇਸ ਜਲਗਾਹ ਨੂੰ ਸਾਲ 2002 'ਚ ਰਾਮਸਰ ਸੂਚੀ 'ਚ ਸ਼ਾਮਿਲ ਕੀਤਾ ਗਿਆ।

**ਰੋਪੜ ਜਲਗਾਹ** : ਪੰਜਾਬ ਦੇ ਰੋਪੜ ਜ਼ਿਲ੍ਹੇ ਵਿਚ ਰੋਪੜ ਜਲਗਾਹ ਸਤਲੁਜ ਦਰਿਆ 'ਤੇ ਬਣੀ ਹੋਈ ਮਾਨਵੀ ਜਲਗਾਹ ਹੈ। 22 ਜਨਵਰੀ 2002 ਨੂੰ ਇਸ ਨੂੰ ਰਾਮਸਰ ਸਾਈਟ ਵਜੋਂ ਮਾਨਤਾ ਦਿੱਤੀ ਗਈ। ਇਸ ਦਾ ਖੇਤਰਫਲ 1365 ਹੈਕਟੇਅਰ ਹੈ।

**ਕੇਸ਼ੋਪੁਰ-ਮਿਆਣੀ ਜਲਗਾਹ** : ਕੇਸ਼ੋਪੁਰ-ਮਿਆਣੀ ਜਲਗਾਹ ਗੁਰਦਾਸਪੁਰ ਜ਼ਿਲ੍ਹੇ ਵਿਚ ਸਥਿਤ ਕੁਦਰਤੀ ਜਲਗਾਹ ਹੈ ਜੋ 850 ਏਕੜ 'ਚ ਫੈਲੀ ਹੋਈ ਹੈ। ਸਾਲ 2019 ਵਿਚ ਇਸ ਨੂੰ ਰਾਮਸਰ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਸੀ।

**ਨੰਗਲ ਜੰਗਲੀ ਜੀਵ ਰੱਖ** : 1.16 ਵਰਗ ਕਿਲੋਮੀਟਰ 'ਚ ਫੈਲੀ ਨੰਗਲ ਜੰਗਲੀ ਜੀਵ ਰੱਖ ਨੂੰ 2020 ਵਿਚ ਰਾਮਸਰ ਜਲਗਾਹ ਦਾ ਦਰਜਾ ਪ੍ਰਾਪਤ ਹੋਇਆ। ਇਹ ਵੀ ਮਨੁੱਖ ਦੁਆਰਾ ਤਿਆਰ ਕੀਤੀ ਜਲਗਾਹ ਹੈ।

**ਬਿਆਸ ਕੰਜ਼ਰਵੇਸ਼ਨ ਰਿਜ਼ਰਵ** : 65 ਵਰਗ ਕਿਲੋਮੀਟਰ 'ਚ ਫੈਲੀ ਬਿਆਸ ਕੰਜ਼ਰਵੇਸ਼ਨ ਰਿਜ਼ਰਵ ਕੁਦਰਤੀ ਜਲਗਾਹ ਹੈ ਜਿਸ ਨੂੰ 2019 ਵਿਚ ਰਾਮਸਰ ਸੂਚੀ ਵਿਚ ਸ਼ਾਮਿਲ ਕੀਤਾ ਗਿਆ।

**ਜਲਗਾਹਾਂ ਦੀ ਮਹੱਤਤਾ** : ਜਲਗਾਹਾਂ ਸਾਡੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਸਾਡੇ ਵਾਤਾਵਰਨ ਵਿਚ ਜਲਗਾਹਾਂ ਦੀ ਵਿਲੱਖਣ ਥਾਂ ਹੈ। ਜਲਗਾਹਾਂ ਸਾਡੇ ਈਕੋਪ੍ਰਣਾਲੀ ਦਾ ਮਹੱਤਵਪੂਰਨ ਅੰਗ ਹਨ। ਮਨੁੱਖੀ ਜੀਵਨ ਵਿਚ ਇਨ੍ਹਾਂ ਦੀ ਬਹੁਤ ਮਹੱਤਤਾ ਹੈ। ਜਲਗਾਹਾਂ ਪੇਂਡੂ, ਸਮਾਜਿਕ ਅਤੇ ਸੱਭਿਆਚਾਰਕ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹਨ ਅਤੇ ਖੇਤਰੀ ਵਾਤਾਵਰਨ ਦਾ ਅਨਿੱਖੜਵਾਂ ਅੰਗ ਹਨ। ਜਲਗਾਹਾਂ ਪ੍ਰਵਾਸੀ ਪੰਛੀਆਂ, ਕੀਟਾਂ, ਘੋਗਿਆਂ, ਮੱਛੀਆਂ, ਥਣਧਾਰੀ ਜੀਵਾਂ ਨੂੰ ਰੈਣ ਬਸੇਰਾ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਜਲਗਾਹਾਂ 'ਤੇ ਵੰਨ-ਸੁਵੰਨੀਆਂ ਅਤੇ ਦੁਰਲੱਭ ਮੱਛੀਆਂ, ਮੁਰਗਾਬੀਆਂ, ਚਕੀਰਾਹਾ, ਓਟਰ, ਸਾਂਬਰ, ਕੱਛੂਕੁੰਮਾ, ਰੈਪਟਾਈਲਜ਼ ਅਤੇ ਹੋਰ ਜਲ-ਜੰਤੂ ਮਿਲਦੇ ਹਨ। ਇਥੇ ਟਾਹਲੀ, ਕਿੱਕਰ, ਅੰਬ, ਬੇਰ ਵਰਗੀਆਂ ਝਾੜੀਆਂ, ਕਮਲ, ਸਿੰਗਾੜਾ, ਧਤੂਰਾ, ਭ੍ਰਿੰਗਰਾਜ ਵਰਗੀਆਂ ਡਾਕਟਰੀ ਮਹੱਤਤਾ ਵਾਲੀਆਂ ਜੜ੍ਹੀ-ਬੂਟੀਆਂ ਇਨ੍ਹਾਂ ਜਲਗਾਹਾਂ 'ਤੇ ਮਿਲਦੀਆਂ ਹਨ। ਜਲਗਾਹਾਂ ਸੱਭਿਆਚਾਰ ਵਿਚ ਵਾਧਾ ਕਰਦੀਆਂ ਹਨ। ਪਾਣੀ ਨੂੰ ਸਾਫ ਕਰਦੀਆਂ ਹਨ। ਪ੍ਰਕਿਰਤੀ ਵਿਚ ਸਫਾਈ ਦੇ ਸਾਧਨ ਹੋਣ ਕਰਕੇ ਇਹ ਗੁਰਦਿਆਂ ਵਾਂਗ ਕੰਮ ਕਰਦੀਆਂ ਹਨ। ਸੈਰ ਸਪਾਟੇ ਲਈ ਇਹ ਜਲਗਾਹਾਂ ਸੈਲਾਨੀ ਕੇਂਦਰਾਂ ਵਜੋਂ ਕੰਮ ਕਰਦੀਆਂ ਹਨ ਅਤੇ ਹਰ ਸਾਲ ਲੱਖਾਂ ਸੈਲਾਨੀ ਇਨ੍ਹਾਂ ਜਲਗਾਹਾਂ ਨੂੰ ਵੇਖਣ ਆਉਂਦੇ ਹਨ ਅਤੇ ਕੁਦਰਤ ਦਾ ਆਨੰਦ ਮਾਣਦੇ ਹਨ। ਜਲਗਾਹਾਂ ਮਨੋਰੰਜਨ ਦਾ ਕੁਦਰਤੀ ਸਾਧਨ ਹੁੰਦੀਆਂ ਹਨ। ਇਹ ਹੜ੍ਹਾਂ ਨੂੰ ਆਪਣੇ ਅੰਦਰ ਸਮਾਉਣ ਦੀ ਸ਼ਕਤੀ ਰੱਖਦੀਆਂ ਹਨ। ਅਲੋਪ ਹੋ ਰਹੇ ਜੀਵਾਂ ਲਈ ਸੁਰੱਖਿਆ ਪ੍ਰਦਾਨ ਕਰਦੀਆਂ ਹੈ। ਜਲਗਾਹਾਂ ਭੂਮੀ ਹੇਠਲੇ ਪਾਣੀ ਦੇ ਭੰਡਾਰ ਦੀ ਮੁੜ ਭਰਾਈ ਕਰਦੀਆਂ ਹਨ ਅਤੇ ਪਾਣੀ ਦੇ ਹੋ ਰਹੇ ਨੀਵੇਂ ਪੱਧਰ ਨੂੰ ਰੋਕਦੀਆਂ ਹਨ। ਮੀਂਹ ਲਿਆਉਣ 'ਚ ਮਦਦ ਕਰਦੀਆਂ ਹਨ। ਜੈਵ-ਵਿਭਿੰਨਤਾ ਦਾ ਸਥਾਨ ਹੁੰਦੀਆਂ ਹਨ। ਪੰਛੀ ਪ੍ਰੇਮੀ ਇਥੇ ਖੋਜ ਕਰਦੇ ਹਨ। ਇਨ੍ਹਾਂ ਜਲਗਾਹਾਂ 'ਤੇ ਹਰ ਸਾਲ ਸਰਦ ਰੁੱਤ ਦੌਰਾਨ ਸਾਇਬੇਰੀਆ, ਮੰਗੋਲੀਆ, ਉਜ਼ਬੇਕਿਸਤਾਨ, ਰੂਸ, ਤਿੱਬਤ, ਇਰਾਕ ਅਤੇ ਦੁਨੀਆਂ ਦੇ ਹੋਰ ਦੂਰ-ਦੁਰਾਡੇ ਦੇਸ਼ਾਂ ਤੋਂ ਹਜ਼ਾਰਾਂ ਕਿਲੋਮੀਟਰ ਸਫਰ ਤੈਅ ਕਰ ਕੇ ਵੱਡੀ ਗਿਣਤੀ ਵਿਚ ਸਾਰਸ, ਕਰੇਨ, ਨਾਰਥ ਪਿੰਨਟੇਲ, ਨਾਰਥਰਨ ਸ਼ਾਵਲਰ, ਗੇਡਵੈਲ ਗ੍ਰੇਲੈਗ ਗੀਜ਼, ਬਾਰਹੈਡ ਗੀਜ਼, ਪਰਪਲ ਹੈਰਨ, ਗਰੇ ਹੈਰੋਨ ਆਦਿ ਪ੍ਰਵਾਸੀ ਪੰਛੀ ਆਉਂਦੇ ਹਨ ਕਿਉਂਕਿ ਘੱਟ ਤਾਪਮਾਨ ਕਾਰਨ ਉਨ੍ਹਾਂ ਦੇ ਜੱਦੀ ਸਥਾਨਾਂ 'ਤੇ ਬਰਫ ਦੇ ਭੰਡਾਰ ਜੰਮ ਜਾਂਦੇ ਹਨ। ਮਾਰਚ-ਅਪ੍ਰੈਲ ਵਿਚ ਆਪਣੇ ਜੱਦੀ ਦੇਸ਼ਾਂ ਵਿਚ ਵਾਪਸ ਚਲੇ ਜਾਂਦੇ ਹਨ।

**ਪ੍ਰਭਾਵ** : ਜਲਗਾਹਾਂ ਦੇ ਘਟਣ ਨਾਲ ਵਾਤਾਵਰਨ ਅਤੇ ਮਨੁੱਖੀ ਜੀਵਨ 'ਤੇ ਭਿਆਨਕ ਪ੍ਰਭਾਵ ਪੈਣਗੇ। ਜ਼ਮੀਨੀ ਪਾਣੀ ਦਾ ਪੱਧਰ ਹੋਰ ਘਟ ਜਾਵੇਗਾ ਅਤੇ ਦਰਿਆਵਾਂ ਦੇ ਵਹਿਣ ਵਿਚ ਕਮੀ ਆਵੇਗੀ। ਹੜ੍ਹਾਂ ਦੇ ਆਉਣ ਦਾ ਖਤਰਾ ਵਧ ਜਾਵੇਗਾ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਪਾਣੀ ਦੀ ਕਮੀ ਆਵੇਗੀ। ਜਲ ਜੀਵਨ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗਾ। ਮੱਛੀਆਂ ਅਤੇ ਹੋਰ ਜਲ ਜੰਤੂ ਘਟ ਜਾਣਗੇ। ਪਰਵਾਸੀ ਪੰਛੀਆਂ ਦੀ ਆਮਦ ਘਟੇਗੀ।

**ਜਲਗਾਹਾਂ ਨੂੰ ਖਤਰੇ** : ਇਕ ਅਧਿਐਨ ਅਨੁਸਾਰ 100 ਸਾਲਾਂ ਵਿਚ ਪੰਜਾਬ ਦੀਆਂ ਜਲਗਾਹਾਂ ਦਾ ਸਿਰਫ 11 ਫੀਸਦੀ ਹਿੱਸਾ ਹੀ ਬਚਿਆ ਹੈ। ਭੂਪਿੰਦਰ ਸਾਗਰ, ਰਾਹੋਂ ਦੀ ਛੰਬ, ਛੰਗਲੀ ਛੰਬ ਔੜ, ਫਿਲੌਰ, ਤਲਵਣ, ਨਹਿਰਾ ਝੀਲ, ਜ਼ਹੂਰਾ ਝੀਲ ਆਦਿ ਖਤਮ ਹੋ ਚੁੱਕੀਆਂ ਹਨ। ਸੀਵਰੇਜ ਅਤੇ ਉਦਯੋਗਾਂ ਦਾ ਫਾਲਤੂ ਤਰਲ ਪਦਾਰਥ, ਖੇਤਾਂ 'ਚੋਂ ਰਸਾਇਣਿਕ ਖਾਦਾਂ ਦਾ ਵਹਿਣ, ਜਲਗਾਹਾਂ ਅਧੀਨ ਜ਼ਮੀਨ ਦੀ ਖੇਤੀ ਲਈ ਵਰਤੋਂ, ਜਲਬੂਟੀ (ਜਾਂ ਕਲਾਲੀ) ਦਾ ਵਧਣਾ, ਘਰੇਲੂ ਨਿਕਾਸ, ਬ੍ਰਿਛ ਬੂਟਿਆਂ ਦੀ ਘਾਟ, ਚਰਗਾਹਾਂ ਵਜੋਂ ਸ਼ੋਸ਼ਣ, ਮਿੱਟੀ ਦਾ ਖੁਰਨਾ, ਸ਼ਿਕਾਰ, ਨਾਜਾਇਜ਼ ਕਬਜ਼ੇ, ਮੱਛੀ ਫੜਨਾ, ਪ੍ਰਦੂਸ਼ਣ ਆਦਿ ਜਲਗਾਹਾਂ ਲਈ ਵੱਡੇ ਖਤਰੇ ਹਨ। ਜਲਗਾਹਾਂ ਗਾਰ ਨਾਲ ਭਰ ਜਾਣ ਕਾਰਨ ਇਨ੍ਹਾਂ ਦੀ ਡੂੰਘਾਈ ਘਟ ਰਹੀ ਹੈ।

**ਬਚਾਅ** : ਜਲਗਾਹਾਂ ਵਰਗੇ ਕੁਦਰਤੀ ਤੋਹਫੇ ਨੂੰ ਬਚਾਉਣ ਲਈ ਗੰਭੀਰ ਯਤਨਾਂ ਦੀ ਲੋੜ ਹੈ। ਜਲਗਾਹਾਂ ਵਿਚਲੀ ਜਲ-ਬੂਟੀ ਅਤੇ ਗਾਰ ਕੱਢ ਕੇ ਸਫਾਈ ਕੀਤੀ ਜਾਵੇ। ਪਿੰਡਾਂ ਦੇ ਛੱਪੜਾਂ ਨੂੰ ਮੁੜ-ਸੁਰਜੀਤ ਕਰ ਕੇ ਸੁੰਦਰ ਬਣਾਇਆ ਜਾਵੇ ਅਤੇ ਝੀਲਾਂ ਦਾ ਰੂਪ ਦਿੱਤਾ ਜਾਵੇ। ਜਲਗਾਹਾਂ ਦੇ ਪ੍ਰਦੂਸ਼ਣ 'ਤੇ ਰੋਕ ਲਗਾਈ ਜਾਵੇ। ਸਕੂਲਾਂ/ਕਾਲਜਾਂ ਦੇ ਵਾਤਾਵਰਨ ਵਿਸ਼ੇ ਵਿਚ ਜਲਗਾਹਾਂ ਉੱਪਰ ਵੱਖਰਾ ਅਧਿਆਇ ਹੋਵੇ ਤਾਂ ਜੋ ਵਿਦਿਆਰਥੀ ਜਲਗਾਹਾਂ ਦੇ ਮਹੱਤਵ ਤੋਂ ਜਾਣੂ ਹੋ ਸਕਣ। ਗੈਰ ਸਰਕਾਰ ਸੰਸਥਾਵਾਂ, ਸਰਕਾਰੀ ਮਹਿਕਮੇ, ਅਧਿਆਪਕ ਵਿਦਿਆਰਥੀ ਲੋਕਾਂ ਵਿਚ ਜਲਗਾਹਾਂ ਪ੍ਰਤੀ ਜਾਗਰੂਕਤਾ ਫੈਲਾਉਣ। ਵਿਦਿਆਰਥੀਆਂ ਨੂੰ ਜਲਗਾਹਾਂ ਦੀ ਸੈਰ ਕਰਵਾਈ ਜਾਵੇ ਅਤੇ ਉੱਥੇ ਦੇ ਜੀਵਨ ਬਾਰੇ ਜਾਣੂ ਕਰਵਾਇਆ ਜਾਵੇ। ਜਲਗਾਹਾਂ ਨੂੰ ਸੈਰ ਸਪਾਟੇ ਸਥਾਨ: ਵਜੋਂ ਵਿਕਸਤ ਕੀਤਾ ਜਾਵੇ।



# ਬਹੁਭਾਂਤੀ ਖੇਤੀ ਦੇ ਨਾਲ ਰੁਜ਼ਗਾਰ ਦੇ ਵਸੀਲੇ ਵਿਕਸਤ ਕਰੀਏ

ਮੌਜੂਦਾ ਸਰਕਾਰ ਨੇ ਖੇਤੀ ਦੇ ਵਿਕਾਸ ਲਈ ਉੱਚ-ਪੱਧਰੀ ਕਮੇਟੀ ਬਣਾਈ ਸੀ। ਸਾਲ ਤੋਂ ਵਧ ਸਮੇਂ ਦੀ ਮਿਹਨਤ ਪਿੱਛੋਂ ਪਤਾ ਲਗਾ ਹੈ ਕਿ ਕਮੇਟੀ ਨੇ ਆਪਣੀ ਰਿਪੋਰਟ ਮੁੱਖ ਮੰਤਰੀ ਨੂੰ ਪੇਸ਼ ਕਰ ਦਿੱਤੀ ਹੈ। ਪਹਿਲਾਂ ਵੀ ਜਦੋਂ ਕੋਈ ਨਵੀਂ ਸਰਕਾਰ ਆਈ ਖੇਤੀ ਨੀਤੀ ਬਨਾਉਣ ਲਈ ਮਾਹਿਰਾਂ ਦੀਆਂ ਕਮੇਟੀਆਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪਰ ਕਮੇਟੀ ਦੀ ਸਿਫਾਰਿਸ਼ਾਂ ਇਤਨੀਆਂ ਮਹਿੰਗੀਆਂ ਸਨ ਕਿ ਕਿਸੇ ਵੀ ਸਰਕਾਰ ਨੇ ਉਨ੍ਹਾਂ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਕੀਤੀ। ਇੰਝ ਜਾਪਦਾ ਹੈ ਕਿ ਮੌਜੂਦਾ ਰਿਪੋਰਟ ਦਾ ਵੀ ਸ਼ਾਇਦ ਇਹੋ ਹੀ ਹਸ਼ਰ ਹੋਵੇਗਾ। ਮੁੱਖ ਸਮੱਸਿਆ ਕਣਕ-ਝੋਨੇ ਦੇ ਫਸਲ ਚੱਕਰ ਵਿੱਚੋਂ ਕੁਝ ਰਕਬਾ ਕੱਢ ਕੇ ਦੂਜੀਆਂ ਫਸਲਾਂ ਹੇਠ ਲੈ ਕੇ ਆਉਣਾ ਹੈ। ਸਾਰੇ ਮਾਹਿਰ ਮੰਨਦੇ ਹਨ ਕਿ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਵੱਧ ਤੋਂ ਵੱਧ 10 ਲੱਖ ਹੈਕਟੇਰ ਰਕਬਾ ਹੀ ਕੱਢਿਆ ਜਾ ਸਕਦਾ ਹੈ। ਇਸ ਨਾਲ ਮੰਨਿਆ ਜਾਂਦਾ ਹੈ ਕਿ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ। ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਕੋਈ ਕਿਸਾਨ ਵੀ ਆਪਣੀ ਧਰਤੀ ਨੂੰ ਇਕ ਫਸਲ ਲਈ ਖਾਲੀ ਛੱਡਣ ਦਾ ਹੌਸਲਾ ਨਹੀਂ ਕਰ ਸਕਦਾ ਹੈ। ਕੋਈ ਸਮਾਂ ਸੀ ਕਿ ਸਾਉਣੀ ਵਿਚ ਬਹੁਤ ਘਟ ਰਕਬੇ ਵਿਚ ਫਸਲਾਂ ਬੀਜੀਆਂ ਜਾਂਦੀਆਂ ਸਨ। ਇਸ ਦਾ ਮੁੱਖ ਕਾਰਨ ਸਿੰਚਾਈ ਦੇ ਵਸੀਲਿਆਂ ਦੀ ਘਾਟ ਸੀ।

ਹੁਣ ਜਦੋਂ ਸਿੰਚਾਈ ਸਹੂਲਤਾਂ ਪ੍ਰਾਪਤ ਹਨ ਅਤੇ ਪਾਣੀ ਮੁਫਤ ਹੀ ਮਿਲ ਰਿਹਾ ਹੈ ਤਾਂ ਹਰੇਕ ਕੋਈ ਇਸ ਦਾ ਫਾਇਦਾ ਉਠਾਉਣਾ ਚਾਹੇਗਾ। ਪਾਣੀ ਦੀ ਬੱਚਤ ਲਈ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਨਾਲ ਸਿੰਜਿਆ ਜਾਵੇ ਅਤੇ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦੇ ਯਤਨ ਸੰਜੀਦਗੀ ਨਾਲ ਕੀਤੇ ਜਾਣ। ਇਸ ਦੇ ਨਾਲ ਹੀ ਸੀਵਰੇਜ ਅਤੇ ਫੈਕਟਰੀਆਂ ਦੇ ਗੰਦੇ ਪਾਣੀ ਨੂੰ ਦਰਿਆਵਾਂ ਵਿਚ ਪਾਉਣ ਦੀ ਥਾਂ ਸਾਫ ਕਰਕੇ ਸਿੰਚਾਈ ਲਈ ਵਰਤਿਆ ਜਾਵੇ। ਪੰਜਾਬ ਵਿਚ ਨੀਤੀ ਦੇ ਨਾਲੋ ਨਾਲ ਨੀਅਤ ਦੀ ਵੀ ਲੋੜ ਹੈ। ਨੀਤੀਆਂ ਤਾਂ ਸਾਰੀਆਂ ਰਾਜਸੀ ਪਾਰਟੀਆਂ ਅਤੇ ਮਾਹਿਰ ਘੜਦੇ ਹਨ ਪਰ ਇਨ੍ਹਾਂ ਨੂੰ ਅਮਲੀ ਰੂਪ ਦੇਣ ਦੇ ਯਤਨ ਬਹੁਤ ਘਟ ਕੀਤੇ ਜਾਂਦੇ ਹਨ। ਮਿਸਾਲ ਵਜੋਂ ਪਿਛਲੇ ਸਾਲ ਨੂੰ ਭਾਰਤ ਦੇ ਸੁਝਾਵ ਉੱਤੇ ਮੋਟੇ ਅਨਾਜਾਂ ਦੇ ਵਰ੍ਹੇ ਦੇ ਰੂਪ ਵਿਚ ਮਨਾਇਆ ਗਿਆ ਪਰ ਪੰਜਾਬ ਵਿਚ 100 ਹੈਕਟੇਅਰ ਧਰਤੀ ਵਿਚ ਵੀ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ ਹਾਲਾਂਕਿ ਬਾਜਰੇ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਸੀ। ਇਸੇ ਤਰ੍ਹਾਂ ਹਾੜੀ ਵਿਚ ਜਵੀਂ ਦੀ ਦਾਲਿਆਂ ਦੀ ਖੇਤੀ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪੰਜਾਬ ਕਈ ਕਾਰਪੋਰੇਸ਼ਨ ਇਨ੍ਹਾਂ ਦੀ ਖਰੀਦ ਕਰ ਸਕਦੀਆਂ ਹਨ।

ਸਾਡੀ ਨਵੀਂ ਪੀੜ੍ਹੀ ਖੇਤੀ ਤੋਂ ਮੁੱਖ ਮੋੜ ਰਹੀ ਹੈ ਅਤੇ ਕਿਰਤ ਤੋਂ ਨਾਤਾ ਤੋੜ ਰਹੀ ਹੈ। ਕਿਸੇ ਵੀ ਸਰਕਾਰ, ਰਾਜਸੀ ਪਾਰਟੀ, ਧਾਰਮਿਕ ਆਗੂਆਂ ਅਤੇ ਸਮਾਜ ਸੇਵਕਾਂ ਦਾ ਇਸ ਪਾਸੇ ਧਿਆਨ ਨਹੀਂ ਹੈ।

ਪੰਜਾਬ ਵਿਚ ਜਿਸ ਤੇਜ਼ੀ ਨਾਲ ਖੇਤੀ ਵਿਕਾਸ ਹੋਇਆ ਸੀ ਉਸ ਦੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਪੰਜਾਬੀ ਕਿਸਾਨ ਨੇ ਕੇਵਲ ਦੇਸ਼ ਵਿੱਚੋਂ ਭੁੱਖਮਰੀ ਨੂੰ ਹੀ ਦੂਰ ਨਹੀਂ ਕੀਤਾ ਸਗੋਂ ਦੇਸ਼ ਨੂੰ ਵਾਧੂ ਅਨਾਜ ਵਾਲਾ ਬਣਾ ਦਿੱਤਾ। ਇਸ ਇਨਕਲਾਬ ਨੂੰ ਸਿਰਜਣ ਵਿਚ ਤਿੰਨਾਂ ਧਿਰਾਂ ਨੇ ਬਰਾਬਰ ਦਾ ਯੋਗਦਾਨ ਪਾਇਆ ਸੀ, ਨਵੀਂ ਤਕਨਾਲੋਜੀ, ਕਿਸਾਨ ਅਤੇ ਸਰਕਾਰਾਂ ਤਿੰਨਾਂ ਨੇ ਹੀ ਆਪਣੀ ਭੂਮਿਕਾ ਨੂੰ ਬਾਖੂਬੀ ਨਿਭਾਇਆ ਸੀ। ਪਿਛਲੇ ਕੋਈ ਚਾਰ ਦਹਕਿਆਂ ਤੋਂ ਪੰਜਾਬ ਦੀ ਖੇਤੀ ਵਿਚ ਖੜੋਤ ਆ ਗਈ ਹੈ। ਕਣਕ-ਝੋਨਾ ਹੀ ਇੱਥੋਂ ਦੀ ਮੁੱਖ ਫਸਲ ਚੱਕਰ ਬਣ ਗਿਆ ਹੈ। ਇਹ ਦੋਵੇਂ ਅਜਿਹੀਆਂ ਫਸਲਾਂ ਹਨ ਜਿਨ੍ਹਾਂ ਵਿਚ ਖਤਰਾ ਸਭ ਤੋਂ ਘੱਟ ਹੈ ਤੇ ਕੁਝ ਨਵਾਂ ਕਰਨ ਦੀ ਗੁੰਜਾਇਸ਼ ਵੀ ਨਹੀਂ ਹੈ। ਇਨ੍ਹਾਂ ਫਸਲਾਂ ਨੂੰ ਹੁਣ ਕਾਮੇ ਹੀ ਬੀਜਦੇ ਹਨ ਤੇ ਕਾਮੇ ਹੀ ਵੱਢਦੇ ਹਨ, ਕਿਸਾਨ ਤਾਂ ਕੇਵਲ ਮੰਡੀ ਵਿੱਚੋਂ ਵਸੂਲਣ ਹੀ ਜਾਂਦਾ ਹੈ। ਇੰਝ ਸਾਰਾ ਸਾਲ ਖੇਤਾਂ ਵਿਚ ਉਸ ਦੇ ਕਰਨ ਨੂੰ ਕੋਈ ਖਾਸ ਕੰਮ ਨਹੀਂ ਹੈ ਕਿਉਂਕਿ ਹੁਣ ਤਾਂ ਟ੍ਰੈਕਟਰ ਚਲਾਉਣ ਵਿਚ ਵੀ ਕਾਮੇ ਮਾਹਿਰ ਹੋ ਗਏ ਹਨ ਤੇ ਉਹ ਟ੍ਰੈਕਟਰ ਉੱਤੇ ਬੈਠ ਖੁਸ਼ ਹੁੰਦੇ ਹਨ। ਸੰਸਾਰ ਦੇ ਸਭ ਤੋਂ ਮਿਹਨਤੀ ਤੇ ਹਿੰਮਤੀ ਸਮਝੇ ਜਾਂਦੇ ਪੰਜਾਬੀ ਕਿਸਾਨ ਹੁਣ ਖੇਤਾਂ ਤੋਂ ਦੂਰ ਹੋ ਰਹੇ ਹਨ। ਵਿਹਲ ਨੂੰ ਦੂਰ ਕਰਨ ਲਈ ਉਹ ਸ਼ਹਿਰ ਜਾਂਦੇ ਹਨ। ਸ਼ਹਿਰ ਜਾਣ ਲਈ ਮੋਟਰਸਾਇਕਲ ਚਾਹੀਦਾ ਹੈ। ਮੋਟਰਸਾਇਕਲ ਦਾ ਖਰਚ ਵੱਧ ਗਿਆ ਹੈ, ਸ਼ਹਿਰ ਵਿਚ ਚਾਹ ਪਾਣੀ ਵੀ ਪੀਣਾ ਪੈਂਦਾ ਹੈ ਤੇ ਮੁੜਦੀ ਵਾਰ ਰਾਹ ਵਾਲੇ ਠੇਕੇ ਤੋਂ ਬੋਤਲ ਵੀ ਖਰੀਦੀ ਜਾਂਦੀ ਹੈ। ਕਿਸਾਨ ਵਿਹਲਾ, ਖਰਚੀਲਾ ਤੇ ਨਸ਼ਈ ਬਣਦਾ ਜਾ ਰਿਹਾ ਹੈ।

ਸਰਕਾਰ ਵੱਲੋਂ ਖੇਤੀ ਵਿਕਾਸ ਲਈ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ ਗਿਆ ਸੀ। ਪਿੰਡਾਂ ਦੀਆਂ ਸੜਕਾਂ ਪੱਕੀਆਂ ਕੀਤੀਆਂ ਗਈਆਂ ਤੇ ਬਿਜਲੀ ਪਹੁੰਚਾਈ। ਟਿਊਬਵੈੱਲ ਲਗਾਉਣ ਲਈ ਕਰਜ਼ਾ ਤੇ ਬਿਜਲੀ ਮੁਫਤ ਦਿੱਤੀ। ਕਣਕ ਝੋਨੇ ਦੀ ਘਟੋ ਘੱਟ ਖਰੀਦ ਕੀਮਤ ਮਿੱਥੀ ਗਈ ਤੇ ਇਨ੍ਹਾਂ ਦੀ ਖਰੀਦ ਯਕੀਨੀ ਬਣਾਈ ਗਈ। ਰਸਾਇਣਿਕ ਖਾਦਾਂ ਉੱਤੇ ਰਿਆਇਤੀ ਤੇ ਹੋਰ ਕਈ ਸਹੂਲਤਾਂ ਦਿੱਤੀਆਂ ਗਈਆਂ। ਅਸੀਂ ਸਾਰੇ ਇਸੇ ਤੇ ਮਾਣ ਮਹਿਸੂਸ ਕਰਦੇ ਰਹੇ ਤੇ ਕਰ ਰਹੇ ਹਾਂ ਕਿ ਪੰਜਾਬ ਕੇਂਦਰੀ ਅੰਨ ਭੰਡਾਰ ਵਿਚ 60% ਕਣਕ ਤੇ 40% ਚੌਲ ਦੇ ਰਿਹਾ ਹੈ। ਇਹ ਕਿਸੇ ਨਹੀਂ ਸੋਚਿਆ ਕਿ ਖੇਤੀ ਵਿਚ ਵਿਕਾਸ ਦਰ ਵਿਚ ਤੇਜ਼ੀ ਨਾਲ ਹੋਏ ਵਾਧੇ ਨੂੰ ਬਰਕਰਾਰ ਰੱਖਣ ਲਈ ਭਵਿੱਖ ਯੋਜਨਾ



ਡਾ. ਰਣਜੀਤ ਸਿੰਘ

ਦੀ ਲੋੜ ਹੈ। ਕਈ ਦਹਕਿਆਂ ਤੋਂ ਅਪਣਾਇਆ ਗਿਆ ਫਸਲ ਚੱਕਰ ਖੜੋਤ ਦਾ ਕਾਰਨ ਬਣ ਜਾਂਦਾ ਹੈ। ਪੰਜਾਬ ਦੀ ਖੇਤੀ ਦੀ ਵਿਕਾਸ ਦਰ ਦੋ ਪ੍ਰਤੀਸ਼ਤ ਤੋਂ ਵੀ ਘਟ ਗਈ ਹੈ। ਸਾਰੇ ਦੇਸ਼ ਦਾ ਮੋਹਰੀ ਸੂਬਾ ਹੁਣ ਸਭਨਾ ਤੋਂ ਪਿੱਛੇ ਰਹਿ ਗਿਆ ਹੈ। ਇਸ ਵਿਹਲ ਵਾਲੀ ਖੇਤੀ ਵਿਚ ਨਵੀਂ ਪੀੜੀ ਨੂੰ ਕੋਈ ਦਿਲਚਸਪੀ ਨਹੀਂ ਹੈ। ਉਨ੍ਹਾਂ ਅੱਗੇ ਖੇਤੀ ਅਤੇ ਸਹਾਇਕ ਧੰਦਿਆਂ ਦੀਆਂ ਚੁਣੌਤੀਆਂ ਖੜੀਆਂ ਕੀਤੀਆਂ ਹੀ ਨਹੀਂ ਗਈਆਂ। ਪਿੰਡਾਂ ਦੇ ਸਕੂਲਾਂ ਦੀ ਪੜ੍ਹਾਈ ਵਿਚ ਵੀ ਖੜੋਤ ਆਈ ਹੈ। ਇਸੇ ਕਾਰਨ ਉਹ ਉਚੇਰੀ ਤਕਨੀਕੀ ਸਿੱਖਿਆ ਤੋਂ ਪਿੱਛੇ ਰਹਿ ਗਏ ਹਨ। ਹੁਣ ਉਨ੍ਹਾਂ ਦੀ ਕੋਸ਼ਿਸ਼ ਕਿਸੇ ਨਾ ਕਿਸੇ ਢੰਗ ਨਾਲ ਵਿਦੇਸ਼ ਜਾਣ ਦੀ ਹੈ। ਜਿਹੜੇ ਸਫਲ ਨਹੀਂ ਹੁੰਦੇ ਉਹ ਆਪਣੀ ਨਿਰਾਸਤਾ ਦੂਰ ਕਰਨ ਲਈ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ।

ਪੰਜਾਬ ਇਸ ਸਮੇਂ ਵਿਕਾਸ ਦੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਸਨਅੱਤੀ ਅਤੇ ਖੇਤੀ ਵਿਕਾਸ ਵਿਚ ਖੜੋਤ ਆ ਗਈ ਹੈ। ਇੰਝ ਆਖ ਲਿਆ ਜਾਵੇ ਕਿ ਪੰਜਾਬੀ ਕਿਰਦਾਰ ਹੀ ਬਦਲ ਰਿਹਾ ਹੈ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਪੰਜਾਬ ਵਿਚ ਰੁਜ਼ਗਾਰ ਦੀ ਘਾਟ ਨਹੀਂ ਹੈ ਪਰ ਪੰਜਾਬੀ ਮੁੰਡੇ ਕੁੜੀਆਂ ਇਸ ਦੇ ਕਾਬਿਲ ਨਹੀਂ ਹਨ ਜਾਂ ਆਪਣੇ ਆਪ ਨੂੰ ਉੱਚਾ ਸਮਝ ਵੱਡੀਆਂ ਨੌਕਰੀਆਂ ਦੀ ਭਾਲ ਕਰਦੇ ਹਨ। ਪੰਜਾਬ ਵਿਚ ਇਸ ਸਮੇਂ ਬਹੁਤੇ ਸਨਅੱਤੀ ਕਾਮੇ ਦੂਜੇ ਸੂਬਿਆਂ ਤੋਂ ਆ ਕੇ ਕੰਮ ਕਰ ਰਹੇ ਹਨ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਥੋੜਾ ਬਹੁਤ ਪੜ੍ਹ ਕੇ ਦੁਕਾਨਾਂ ਤੇ ਸਟੋਰਾਂ ਵਿਚ ਵੀ ਉਹ ਹੀ ਨੌਕਰੀਆਂ ਕਰਦੇ ਹਨ। ਘਰਾਂ ਦਾ ਬਹੁਤਾ ਕੰਮ ਵੀ ਉਨ੍ਹਾਂ ਦੇ ਜ਼ੁੰਮੇ ਹੀ ਹੈ। ਖੇਤੀ ਦੇ ਕੰਮ ਦੇ ਦੇਖਭਾਲ ਵੀ ਉਹ ਕਰਨ ਲਗ ਪਏ ਹਨ। ਲੋੜ ਪੈਣ ਉੱਤੇ ਮਜ਼ਦੂਰਾਂ ਦੀ ਸਹਾਇਤਾ ਲੈਣੀ ਬੁਰਾ ਨਹੀਂ ਹੈ ਪਰ ਸਾਰਾ ਕੁਝ ਉਨ੍ਹਾਂ ਦੇ ਹਵਾਲੇ ਕਰਨਾਂ ਆਪਣੇ ਆਪ ਨੂੰ ਤਬਾਹ ਕਰਨ ਦੇ ਬਰਾਬਰ ਹੈ। ਅਸੀਂ ਆਪਣੇ ਬੱਚਿਆਂ ਨੂੰ ਅਖੌਤੀ ਅੰਗ੍ਰੇਜ਼ੀ ਸਕੂਲਾਂ ਵਿਚ ਪੜ੍ਹਾਉਣਾ ਸ਼ਾਨ ਸਮਝਦੇ ਹਾਂ। ਇੰਝ ਸਾਡੀ ਨਵੀਂ ਪੀੜ੍ਹੀ ਆਪਣੀ ਬੋਲੀ, ਵਿਰਾਸਤ, ਰਵਾਇਤੀ ਗਿਆਨ ਅਤੇ ਮੌਖਿਕ ਸੋਚ ਤੋਂ ਦੂਰ ਹੋ ਰਹੀ ਹੈ। ਉਹ ਜੀਵਨ ਸੇਧ ਪੱਛਮੀ ਰਿਵਾਇਤਾਂ ਤੋਂ ਲੈ ਰਹੇ ਹਨ। ਪੰਜਾਬ ਦੇ ਪੁਨਰ ਨਿਰਮਾਣ ਲਈ ਸਰਕਾਰ ਵਲੋਂ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਪਹਿਲ ਸਰਕਾਰੀ ਸਕੂਲਾਂ ਤੋਂ ਕੀਤੀ ਜਾਵੇ। ਇਨ੍ਹਾਂ ਨੂੰ ਨਿੱਜੀ ਸਕੂਲਾਂ ਦੇ ਹਾਣ ਦਾ ਹੀ ਨਹੀਂ ਸਗੋਂ ਵਧੀਆ ਬਣਾਇਆ ਜਾਵੇ। ਪਾਠਕ੍ਰਮ ਦਾ ਅਧਾਰ ਦੇਸੀ ਸੋਚ ਤੇ ਆਪਣੀ ਵਿਰਾਸਤ ਨੂੰ ਬਣਾਇਆ ਜਾਵੇ। ਖੇਤੀ ਖੜੋਤ ਨੂੰ ਤੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸ ਸਮੇਂ ਪੰਜਾਬ ਦੀ ਖੇਤੀ ਲਈ ਡੇਅਰੀ ਫਾਰਮਿੰਗ ਤੇ ਸਬਜ਼ੀਆਂ ਦੀ ਕਾਸ਼ਤ ਸਭ ਤੋਂ ਵੱਧ ਢੁੱਕਵੇਂ ਬਦਲ ਹਨ। ਪੰਜਾਬੀ ਮੁਢਕਦੀਮ ਤੋਂ ਹੀ ਪਸ਼ੂ ਪਾਲਕ ਰਹੇ ਹਨ। ਦੁੱਧ ਦੀ ਵਰਤੋਂ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਪੰਜਾਬੀ ਹੀ ਕਰਦੇ ਹਨ। ਇਸੇ ਕਰਕੇ ਦੁੱਧ ਨੂੰ ਪੁੱਤਰ ਨਾਲ ਬਰਾਬਰੀ ਦਿੱਤੀ ਗਈ ਹੈ। ਹਰੇਕ ਪੰਜਾਬੀ ਪਰਿਵਾਰ ਦੁੱਧ ਤੇ ਪੁੱਤ ਲਈ ਲੋਚਦਾ ਹੈ। ਪੰਜਾਬ ਵਿਚ ਸਾਰੀ ਧਰਤੀ ਸੇਂਜੂ ਹੋਣ ਕਰਕੇ ਇੱਥੇ ਸਾਰਾ ਸਾਲ ਹਰਾ ਚਾਰਾ ਪ੍ਰਾਪਤ ਹੋ ਸਕਦਾ ਹੈ। ਹੁਣ ਵੀ ਦੇਸ਼ ਵਿਚ ਪੰਜਾਬ ਦੁੱਧ ਉਤਪਾਦਨ ਲਈ ਮੋਹਰੀ ਹੈ। ਚੰਗੇ ਧੰਦੇ ਨੂੰ ਵਿਉਪਾਰਿਕ ਪੱਧਰ ਉੱਤੇ ਵਿਕਸਤ ਕਰਨ ਲਈ ਮੁੜ ਤਿੰਨਾਂ ਧਿਰਾਂ ਦੇ ਯੋਗਦਾਨ ਦੀ ਲੋੜ ਹੈ। ਕਿਸਾਨ ਨੂੰ ਹੱਥੀਂ ਮਿਹਨਤ ਕਰਨੀ ਪਵੇਗੀ। ਸਵੇਰੇ ਸ਼ਾਮ ਆਪਣੇ ਪਸ਼ੂਆਂ ਨਾਲ ਗੱਲਾਂ ਕਰਨੀਆਂ ਪੈਣਗੀਆਂ ਤੇ ਉਨ੍ਹਾਂ ਦਾ ਬੱਚਿਆਂ ਵਾਂਗ ਧਿਆਨ ਰੱਖਣਾ ਪਵੇਗਾ। ਦੁੱਧ ਦੀ ਚੁਆਈ ਤੇ ਸਾਂਭ ਸੰਭਾਲ ਦਾ ਕੰਮ ਵੀ ਆਪਣੀ ਦੇਖ ਰੇਖ ਵਿਚ ਕਰਨਾ ਪਵੇਗਾ। ਦੂਜੀ ਲੋੜ ਤਕਨਾਲੋਜੀ ਦੀ ਹੈ। ਹੁਣ ਪੰਜਾਬ ਵਿਚ ਵੱਖਰੀ ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਬਣ ਤਿਆਰ ਕਰਕੇ ਕਿਸਾਨਾਂ ਨੂੰ ਦੇਣ ਦਾ ਪ੍ਰਬੰਧ ਇਸੇ ਦੀ ਜ਼ੁੰਮੇਵਾਰੀ ਹੈ। ਪਸ਼ੂ ਪ੍ਰਬੰਧ ਦੇ ਵਿਗਿਆਨਕ ਢੰਗਾਂ ਦੀ ਕਿਸਾਨਾਂ ਤੇ ਕਿਸਾਨ ਬੀਬੀਆਂ ਨੂੰ ਸਿਖਲਾਈ ਦੇਣ ਦਾ ਪ੍ਰਬੰਧ ਵੀ ਇਸ ਨੇ ਹੀ ਕਰਨਾ ਹੈ। ਚਾਰਿਆਂ ਦੀਆਂ ਫਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨਾ ਹੈ ਉਨ੍ਹਾਂ ਦੇ ਬੀਜ ਕਿਸਾਨਾਂ ਨੂੰ ਦੇਣਾ ਵੀ ਇਸੇ ਦੀ ਜ਼ੁੰਮੇਵਾਰੀ ਹੈ। ਸੰਬੰਧਿਤ ਮਹਿਕਮੇ ਯੂਨੀਵਰਸਿਟੀ ਨਾਲ ਸਹਿਯੋਗ ਕਰਕੇ ਵਾਜਬ ਕੀਮਤ ਉੱਤੇ ਕਿਸਾਨਾਂ ਨੂੰ ਪਸ਼ੂ ਵੇਚਣ ਦਾ ਪ੍ਰਬੰਧ ਕਰਨ। ਮਸਨੂਈ ਗਰਭਦਾਨ ਤੇ ਡਾਕਟਰੀ ਸਹੂਲਤਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਸਿਖਲਾਈ ਦਾ ਪ੍ਰਬੰਧ ਪਿੰਡਾਂ ਵਿਚ ਹੋਵੇ। ਕਿਸਾਨ ਦੇ ਡੰਗਰਾਂ ਦਾ ਬੀਮਾ ਸਰਕਾਰ ਦੀ ਜ਼ੁੰਮੇਵਾਰੀ ਬਣੇ ਅਤੇ ਦੁੱਧ ਦੀ ਵਾਜਬ ਕੀਮਤ ਦਿੱਤੀ ਜਾਵੇ। ਕਿਸਾਨਾਂ ਨੂੰ ਪਸ਼ੂ ਖੁਰਾਕ ਤੇ ਚਾਰੇ ਦੇ ਬੀਜ ਰਿਆਇਤੀ ਮੁੱਲ ਉੱਤੇ ਵੇਚੇ ਜਾਣ। ਅਮੂਲ ਵਾਂਗ ਵੇਰਕੇ ਦਾ ਨਾਮ ਵੀ ਵਿਸ਼ਵ ਪ੍ਰਸਿੱਧ ਬਣੇ ਤਾਂ ਜੋ ਇਸ ਦੇ ਪਦਾਰਥਾਂ ਦੀ ਵਿਕਰੀ ਲਈ ਕੋਈ ਦਿੱਕਤ ਨਾ ਆ ਸਕੇ।

ਇਸੇ ਤਰ੍ਹਾਂ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਵੀ ਤਿੰਨਾਂ ਹੀ ਧਿਰਾਂ ਦੀ ਜ਼ੁੰਮੇਵਾਰੀ ਬਣਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਬਜ਼ੀਆਂ ਦੀ ਕਾਸ਼ਤ ਅਤੇ ਇਨ੍ਹਾਂ ਦੇ ਪਦਾਰਥੀਕਰਨ ਸੰਬੰਧੀ ਖੋਜ ਨੂੰ ਪਹਿਲ ਦੇਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਯੂਨੀਵਰਸਿਟੀ ਨੂੰ ਇਸ ਕਾਰਜ ਲਈ ਲੋੜੀਂਦੀਆਂ ਮਾਇਕ ਸਹੂਲਤਾਂ ਦੇਵੇ। ਸਬਜ਼ੀਆਂ ਦੇ ਬੀਜ ਵੱਡੀ ਸਮੱਸਿਆ ਹੈ। ਪੰਜਾਬ ਸਰਕਾਰ ਤੇ ਯੂਨੀਵਰਸਿਟੀ ਨੂੰ ਰਲ ਕੇ ਸੁਧਰੀਆਂ ਕਿਸਮਾਂ ਦੇ ਬੀਜ ਤਿਆਰ ਕਰਨੇ ਚਾਹੀਦੇ ਹਨ। ਕਿਸਾਨਾਂ ਨੇ ਸਬਜ਼ੀਆਂ ਦੀ ਕਾਸ਼ਤ ਦੇ ਆਪਣੇ ਆਪ ਸਸਤੇ ਤੇ ਸੌਖੇ ਢੰਗ ਵਿਕਸਤ ਕੀਤੇ ਹਨ। ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਯੂਨੀਵਰਸਿਟੀ ਖੋਜ ਨੂੰ ਅੱਗੇ ਤੋਰੇ। ਖਿੱਤੇ ਦੀ ਲੋੜ ਅਤੇ ਪੌਣ ਪਾਣੀ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਵੇ। ਵਿਕਰੀ ਲਈ ਕਿਸਾਨ ਆਪ ਰਲ ਕੇ ਯਤਨ ਕਰ ਸਕਦੇ ਹਨ ਤੇ ਸਰਕਾਰ ਵੀ ਇਸ ਪਾਸੇ ਯੋਗਦਾਨ ਪਾ ਸਕਦੀ ਹੈ। ਸਸਤਾ ਆਟਾ ਦਾਲ ਸਕੀਮ ਅਧੀਨ ਆਲੂ ਤੇ ਪਿਆਜ਼ ਵੀ ਸ਼ਾਮਿਲ ਕੀਤੇ ਜਾਵੇ। ਇੰਝ ਇਨ੍ਹਾਂ ਦੀ ਵਿਕਰੀ ਵਿੱਚ ਕੋਈ ਦਿੱਕਤ ਨਹੀਂ ਆਵੇਗੀ। ਪੰਜਾਬ ਦੀ ਸਬਜ਼ੀ ਖੁਸ਼ਕੀ ਦੇ ਰਸਤੇ ਯੋਰਪ ਤੱਕ ਪਹੁੰਚਾਈ ਜਾ ਸਕਦੀ ਹੈ। ਖਾੜੀ ਦੇ ਦੇਸ਼ ਵੀ ਵਧੀਆ ਮੰਡੀ ਹਨ। ਇਸ ਲਈ ਜ਼ਹਿਰਾਂ ਰਹਿਤ ਸਾਫ ਸੁਥਰੀ ਸਬਜ਼ੀ ਦੀ ਲੋੜ ਹੈ। ਜੇਕਰ ਕਾਸ਼ਤ ਇਕ ਪਿੰਡ ਜਾਂ ਇਲਾਕੇ ਦੇ ਕਿਸਾਨ ਆਪਣਾ ਉਤਪਾਦਕ ਗਰੁੱਪ ਬਣਾ ਕੇ ਕਰਨ ਤਾਂ ਕੇਵਲ ਵਿਕਰੀ ਦੀ ਹੀ ਸਹੂਲਤ ਨਹੀਂ ਹੋਵੇਗੀ ਸਗੋਂ ਖੇਤੀ ਲੋੜਾਂ ਦੀ ਸਾਂਝੇ ਤੌਰ ਉੱਤੇ ਖਰੀਦ ਕਰਨ ਨਾਲ ਸਸਤੀਆਂ ਅਤੇ ਸ਼ੁੱਧ ਪ੍ਰਾਪਤ ਹੋ ਸਕਣਗੀਆਂ। ਇੰਝ ਉਹ ਇਲਾਕਾ ਕਿਸੇ ਵਿਸ਼ੇਸ਼ ਸਬਜ਼ੀ ਦਾ ਕੇਂਦਰ ਬਣ ਜਾਵੇਗਾ ਅਤੇ ਵਿਉਪਾਰੀ ਆਪ ਕੇ ਪਿੰਡ ਵਿੱਚੋਂ ਖਰੀਦਦਾਰੀ ਕਰ ਲੈਣਗੇ।

ਪੰਜਾਬ ਵਿਚ ਛੋਟੇ ਕਿਸਾਨਾਂ ਦੀ ਬਹੁਗਿਣਤੀ ਹੈ। ਜਿਵੇਂ ਪਹਿਲਾਂ ਲਿਖਿਆ ਗਿਆ ਖੇਤੀ ਵਿਚ ਟੱਬਰ ਦੇ ਸਾਰੇ ਮੈਂਬਰਾਂ ਲਈ ਰੁਜ਼ਗਾਰ ਨਹੀਂ ਮਿਲਦਾ। ਇਸ ਵਿਹਲ ਦੀ ਸੁਚੱਜੀ ਵਰਤੋਂ ਅਤੇ ਆਮਦਨ ਦੇ ਵਾਧੇ ਲਈ ਘਰ ਦ ਘੱਟੋ ਘਟ ਇਕ ਮੈਂਬਰ ਨੂੰ ਬਾਹਰ ਕੰਮ ਕਰਨਾ ਪਵੇਗਾ। ਅੱਜ ਤੋਂ ਪੰਜਾਹ ਸਾਲ ਪਹਿਲਾਂ ਵੀ ਜਦੋਂ ਪਿੰਡਾਂ ਵਿਚ ਘਰ ਕੱਚੇ ਹੁੰਦੇ ਸਨ ਤਾਂ ਕੇਵਲ ਉਨ੍ਹਾਂ ਘਰਾਂ ਵਿਚ ਹੀ ਕੁੱਝ ਪੱਕੀਆਂ ਇੱਟਾਂ ਲੱਗੀਆਂ ਹੁੰਦੀਆਂ ਸਨ ਜਿਨ੍ਹਾਂ ਦਾ ਕੋਈ ਪਰਿਵਾਰ ਮੈਂਬਰ ਬਾਹਰ ਨੌਕਰੀ ਕਰਦਾ ਸੀ। ਇਹ ਨੌਕਰੀ ਆਮ ਕਰਕੇ ਫੌਜ ਦੀ ਹੁੰਦੀ ਸੀ। ਉਦੋਂ ਟੱਬਰ ਪਿੱਛੇ ਪਿੰਡ ਵਿਚ ਹੀ ਰੱਖਿਆ ਜਾਂਦਾ ਸੀ। ਇੰਝ ਘਰ ਦਾ ਖਰਚਾ ਪੂਰਾ ਹੋ ਜਾਂਦਾ ਸੀ। ਹੁਣ ਜਦੋਂ ਕੋਈ ਸ਼ਹਿਰ ਨੌਕਰੀ ਕਰਦਾ ਹੈ ਤਾਂ ਆਪਣਾ ਟੱਬਰ ਵੀ ਨਾਲ ਹੀ ਲੈ ਜਾਂਦਾ ਹੈ। ਘਰ ਪੈਸੇ ਭੇਜਣ ਦੀ ਥਾਂ ਸਗੋਂ ਆਪਣੇ ਹਿੱਸੇ ਵਿੱਚੋਂ ਪੈਸੇ ਮੰਗਦਾ ਹੈ। ਇਸ ਨਾਲ ਹਜ਼ਾਰਾਂ ਪਿੰਡ ਖਤਮ ਹੋ ਗਏ ਹਨ। ਇਨ੍ਹਾਂ ਪਿੰਡਾਂ ਵਿਚ ਹੁਣ ਕਦੇ ਬਣਾਏ ਗਏ ਫੋਕਲ ਕੇਂਦਰਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਇੱਥੇ ਹੀ ਨਵੀਆਂ ਸਨਅਤਾਂ ਵਿਕਸਿਤ ਕੀਤੀਆਂ ਜਾਣ ਤਾਂ ਜੋ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਹੁਣ ਬਹੁਤੇ ਕਾਰਖਾਨੇ ਵੱਡੇ ਸ਼ਹਿਰਾਂ ਵਿਚ ਹੀ ਲੱਗ ਰਹੇ ਹਨ। ਲੁਧਿਆਣੇ ਮਾਨਸਾ ਤੋਂ ਆ ਕੇ ਨੌਕਰੀ ਨਹੀਂ ਕੀਤੀ ਜਾ ਸਕਦੀ ਹੈ। ਜਦੋਂ ਤਕ ਕਿਸਾਨਾਂ ਲਈ ਕੰਮ ਦਾ ਪ੍ਰਬੰਧ ਨਹੀਂ ਹੁੰਦਾ, ਕਿਸਾਨਾਂ ਦਾ ਹੱਥ ਤੰਗ ਹੀ ਰਹੇਗਾ ਅਤੇ ਉਹ ਕਰਜ਼ੇ ਹੇਠ ਦੱਬੇ ਰਹਿਣਗੇ। ਪਿੰਡਾਂ ਦੀਆਂ ਪੰਚਾਇਤਾਂ ਅਤੇ ਧਾਰਮਿਕ ਆਗੂਆਂ ਦਾ ਵੀ ਫਰਜ਼ ਬਣਦਾ ਹੈ ਕਿ ਪਿੰਡ ਵਾਸੀਆਂ ਨੂੰ ਵਿਚਾਵੇ ਜਾਂ ਲੋਕਲਾਜ ਲਈ ਵਧ ਖਰਚ ਕਰਨ ਤੋਂ ਰੋਕਿਆ ਜਾਵੇ। ਪੰਜਾਬੀ ਸਭ ਤੋਂ ਵਧ ਖਰਚ ਵਿਖਾਵੇ ਉੱਤੇ ਕਰਦੇ ਹਨ। ਪੰਜਾਬ ਦੇ ਵਿਕਾਸ ਲਈ ਇਕ ਸਰਬਪੱਖੀ ਯੋਜਨਾ ਦੀ ਲੋੜ ਹੈ। ਇਕੱਲੇ ਦੁਕੱਲੇ ਉਪਰਾਲੇ ਕੋਈ ਵਧੀਆ ਜਾਂ ਚਿਰ ਸਥਾਈ ਨਤੀਜੇ ਪ੍ਰਦਾਨ ਨਹੀਂ ਕਰਦੇ। ਸਾਰਾ ਕੁਝ ਸਰਕਾਰ ਉੱਤੇ ਛੱਡਿਆਂ ਪੰਜਾਬ ਆਪਣੀਆਂ ਸਮੱਸਿਆਵਾਂ ਨੂੰ ਸੁਲਝਾ ਨਹੀਂ ਸਕੇਗਾ। ਇਸ ਵਿਚ ਲੋਕਾਂ ਨੂੰ ਆਪਣੀਆਂ ਕਮੇਟੀਆਂ ਬਣਾ ਕੇ ਅੱਗੇ ਆਉਣਾ ਪਵੇਗਾ। ਨਸ਼ਿਆਂ ਅਤੇ ਫਜ਼ੂਲ ਖਰਚੇ ਨੂੰ ਠੱਲ ਇਵੇਂ ਹੀ ਪਾਈ ਜਾ ਸਕਦੀ ਹੈ।



------ ਬਾਕੀ ਸਫਾ 7 ਦੀ ------

# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

**ਭਿੰਡੀ** : ਵਧੀਆ ਝਾੜ ਲੈਣ ਲਈ ਪੰਜਾਬ ਲਾਲਿਮਾ ਅਤੇ ਪੰਜਾਬ ਸੁਹਾਵਣੀ ਕਿਸਮ ਬੀਜੋ । 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਖੇਤ ਤਿਆਰ ਕਰਨ



ਵੇਲੇ ਪਾਓ । 8-10 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਤ ਭਰ ਲਈ ਕੋਸੇ ਪਾਣੀ ਵਿੱਚ ਭਿਉਂ ਦਿਉ ਅਤੇ ਵੱਟਾਂ 45 ਸੈਂਟੀਮੀਟਰ ਦੇ ਫਾਸਲੇ ਤੇ ਪੂਰਬ ਤੋਂ ਪੱਛਮ ਦਿਸ਼ਾ ਵੱਲ ਬਣਾਉ ਅਤੇ ਬਿਜਾਈ ਦੱਖਣੀ ਪਾਸੇ ਵੱਲ 4-5 ਬੀਜ ਪ੍ਰਤੀ ਚੋਕੇ ਦੇ ਹਿਸਾਬ ਨਾਲ 15 ਸੈਂਟੀਮੀਟਰ ਫਾਸਲੇ ਤੇ ਦਬਾ ਦਿਉ । 10 ਤੋਂ 12 ਦਿਨਾਂ ਬਾਅਦ ਹਲਕਾ ਪਾਣੀ ਦਿਉ ।

## ਕੱਦੂ ਜਾਤੀ ਦੀਆਂ ਸਬਜ਼ੀਆਂ

ਹਰ ਇਕ ਸਬਜ਼ੀ ਦੀ ਸਿਫਾਰਸ਼ਾਂ ਮੁਤਾਬਕ ਖਾਦ ਪਉ ਅਤੇ ਖਾਲੀਆਂ ਬਣਾਉ । ਇਕ ਏਕੜ ਖੇਤ ਲਈ ਡੇਢ ਤੋਂ ਦੋ ਕਿਲੋ ਬੀਜ ਵਰਤੋ । ਫਸਲ ਦੀ ਲੋੜ ਮੁਤਾਬਕ ਬੂਟਿਆਂ ਦਾ ਫਾਸਲਾ ਰੱਖੋ ਅਤੇ ਚੰਗੇ ਬੀਜ ਹਰ ਚੋਕੇ ਤੇ ਬੀਜੋ ।

**ਟਮਾਟਰ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਨਾਈਟ੍ਰੋਜਨ ਦੀ ਦੂਸਰੀ ਖੁਰਾਕ ਪਾ ਦਿਉ । 10 ਤੋਂ 12 ਦਿਨਾਂ ਬਾਅਦ ਲਗਾਤਾਰ ਪਾਣੀ ਦਿੰਦੇ ਰਹੋ ਤਾਂ ਜੋ ਵਧੀਆ



ਫੁੱਲ ਅਤੇ ਫਲ ਬਣਨ । ਇਸ ਮਹੀਨੇ ਦੇ ਸ਼ੁਰੂ ਵਿੱਚ ਪਿਛੇਤੇ ਝੁਲਸ ਰੋਗ ਦੀ ਬਿਮਾਰੀ ਟਮਾਟਰਾਂ ਦੀ ਫਸਲ ਤੇ ਆ ਸਕਦੀ ਹੈ । ਇਸਦੀ ਰੋਕਥਾਮ ਲਈ ਇੰਡੋਫਿਲ ਐਮ-45, 600 ਗ੍ਰਾਮ ਦਾ ਪ੍ਰਤੀ ਏਕੜ ਦੇ ਹਿਸਾਬ 7 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ । ਫਲ ਦੇ ਗੜੂੰਏ ਦੀ ਰੋਕਥਾਮ ਲਈ 60 ਮਿ.ਲਿ. ਕੋਰਾਜ਼ਨ 18.5 ਤਾਕਤ ਜਾਂ 30 ਮਿ.ਲੀ. ਫੇਮ 480 ਐਸ ਐਲ ਜਾਂ 200 ਮਿ.ਲਿ. ਇਡੋਕਸਾਕਾਰਬ 14.5 ਤਾਕਤ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ ।

**ਰਵਾਂਹ** : ਹਰੀਆਂ ਫਲੀਆਂ ਦੀ ਵਰਤੋਂ ਲਈ ਕਾਉਪੀਜ਼ 263 ਕਿਸਮ ਨੂੰ 45 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਅਤੇ ਬੀਜ ਤੋਂ ਬੀਜ 15 ਸੈਂਟੀਮੀਟਰ ਦੀ ਦੂਰੀ ਤੇ ਬੀਜੋ । ਬਿਜਾਈ ਸਮੇਂ 45 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਰਵਾਂਹ ਦਾ 8-10 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ।

**ਆਲੂ** : ਬੀਜ ਵਾਲੇ ਆਲੂ ਨੂੰ ਠੰਢੇ ਸਟੋਰ ਵਿੱਚ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਛਾਂਟੀ ਕਰ ਲਵੋ ਅਤੇ ਝੁਲਸ ਰੋਗ ਵਾਲੇ ਦਾਗੀ ਆਲੂ ਜਿਨ੍ਹਾਂ ਤੇ ਭੂਰੇ ਤੋਂ ਜਾਮਣੀ ਰੰਗ ਦੇ ਚੱਟਾਖ ਪੈ ਜਾਂਦੇ ਹਨ, ਬਾਹਰ ਕੱਢ ਕੇ ਨਸ਼ਟ ਕਰ ਦਿਉ । ਖਰੀਂਢ ਰੋਗ ਅਤੇ ਧੱਫੜੀ ਰੋਗ ਵਾਲੇ ਆਲੂ ਵੀ ਛਾਂਟੀ ਕਰਕੇ ਬਾਹਰ ਕੱਢ ਦਿਉ ।

## ਬਾਗਬਾਨੀ

1. ਸਦਾ ਹਰੇ ਰਹਿਣ ਵਾਲੇ ਬੂਟੇ ਜਿਵੇਂ ਕਿ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ ਅਤੇ ਬੇਰ ਆਦਿ ਨੂੰ ਖੇਤਾਂ ਵਿੱਚ ਲਗਾ ਦਿਉ । ਨਵੇਂ ਲਗਾਏ ਛੋਟੇ ਬੂਟਿਆਂ ਨੂੰ ਥੋੜ੍ਹੇ-ਥੋੜ੍ਹੇ ਵਕਫੇ ਤੇ



ਪਾਣੀ ਦਿੰਦੇ ਰਹੋ । ਇਹਨਾਂ ਛੋਟੇ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀਆਂ ਆਦਿ ਦਾ ਸਹਾਰਾ ਦਿਉ ਤਾਂ ਜੋ ਬੂਟੇ ਵਧੀਆ ਉੱਪਰ ਨੂੰ ਵੱਧ ਸਕਣ ।

2. ਇਸ ਮਹੀਨੇ ਫਲਦਾਰ ਬੂਟਿਆਂ ਨੂੰ ਲਗਾਤਾਰ ਪਾਣੀ ਦੇਣਾ ਚਾਹੀਦਾ ਹੈ ਕਿਉਂਕਿ ਨਵਾਂ ਪੁੰਗਾਰਾ ਆਉਂਦਾ ਹੈ । ਲੀਚੀ ਦੇ ਦਰੱਖਤਾਂ ਤੇ ਜਦੋਂ ਫਲ ਪੈ ਜਾਣ ਤਾਂ ਤਿੰਨ ਹਫਤੇ ਦੇ ਵਕਫੇ ਤੇ ਲਗਾਤਾਰ ਪਾਣੀ ਦਿਉ । ਅੰਗੂਰਾਂ ਦੀਆਂ ਵੇਲਾਂ ਨੂੰ ਮਾਰਚ ਦੇ ਪਹਿਲੇ ਹਫਤੇ ਪਾਣੀ ਦੇਣ ਦੀ ਜ਼ਰੂਰਤ ਹੈ । ਅਗੇਤੀਆਂ ਪੱਕਣ ਵਾਲੀਆਂ ਆੜੂ ਦੀਆਂ ਕਿਸਮਾਂ ਨੂੰ ਮਾਰਚ ਦੇ ਅਖੀਰ ਵਿਚ ਹਰ ਹਫਤੇ ਪਾਣੀ ਦੇਣਾ ਸ਼ੁਰੂ ਕਰੋ ।

3. ਬੇਰਾਂ ਦੀ ਤੁੜਾਈ ਦਾ ਮੁੱਖ ਸਮਾਂ ਅੱਧ ਮਾਰਚ ਤੋਂ ਅੱਧ ਅਪ੍ਰੈਲ ਹੈ । ਐਥੀਫੋਨ 400 ਪੀ ਪੀ ਐਮ ਦਾ (250 ਮਿ.ਲਿ 300 ਲਿਟਰ ਪਾਣੀ) ਮਾਰਚ ਦੇ ਪਹਿਲੇ ਹਫਤੇ ਫਲਾਂ ਦੀ ਰੰਗ ਬਦਲਣ ਦੀ ਅਵਸਥਾ ਤੇ ਛਿੜਕਾਅ ਕਰਨ ਨਾਲ ਉਮਰਾਨ ਕਿਸਮ ਦੇ ਬੇਰ ਦੋ ਹਫਤੇ ਪਹਿਲਾਂ ਪੱਕ ਜਾਂਦੇ ਹਨ ਅਤੇ ਫਲ ਦਿਲ ਖਿੱਚਵੇਂ, ਇਕਸਾਰ, ਚੰਗੇ ਗੁਣਾਂ ਵਾਲੇ ਅਤੇ ਗੂੜ੍ਹੇ ਸੁਨਹਿਰੀ ਪੀਲੇ ਚਾਕਲੇਟ ਭਾਅ ਮਾਰਦੇ ਹਨ ।

4. ਆੜੂ ਅਤੇ ਅਲੂਚੇ ਦੇ ਬਾਗਾਂ ਵਿਚ ਬੂਟਿਆਂ ਦੀਆਂ ਛੱਤਰੀਆਂ ਹੇਠਾਂ 10 ਸੈਂਟੀਮੀਟਰ ਝੋਨੇ ਦੀ ਪਰਾਲੀ ਦੀ ਤਹਿ ਵਿਛਾ ਦਿਓ । ਪਰ ਇਹ ਕੰਮ ਰਸਾਇਣਿਕ ਖਾਦਾਂ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਕਰੋ । ਅਜਿਹਾ ਕਰਨ ਨਾਲ ਨਾ ਸਿਰਫ ਪਾਣੀ ਦੀ ਬੱਚਤ ਹੋਵੇਗੀ ਸਗੋਂ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫਲਾਂ ਦਾ ਝਾੜ ਅਤੇ ਗੁਣਵੱਤਾ ਵਿਚ ਸੁਧਾਰ ਹੋਵੇਗਾ ।

5. ਅਮਰੂਦਾਂ ਦੇ ਬਹੁਤ ਪੁਰਾਣੇ ਅਤੇ ਘੱਟ ਝਾੜ ਦੇਣ ਵਾਲੇ ਦਰੱਖਤਾਂ ਦਾ ਨਵੀਨੀਕਰਨ ਕਰਨ ਲਈ ਮਾਰਚ ਮਹੀਨੇ ਜ਼ਮੀਨ ਤੋਂ 1.5 ਮੀਟਰ ਦੀ ਉਚਾਈ ਤੋਂ ਕੱਟ ਦਿਉ ਅਤੇ ਕੱਟੇ ਹੋਏ ਸਿਰਿਆਂ ਉਪਰ ਬੋਰਡੋ ਪੇਸਟ ਲਗਾਓ ।


6. ਕਿੰਨੂ ਵਿੱਚ ਪੈਰ ਗਲਣ ਦੇ ਰੋਗ ਨੂੰ ਰੋਕਣ ਲਈ (ਫਾਈਟੋਪਥੋਰਾ) ਦੇ ਵਾਰ ਕਰਜ਼ੇਟ ਐਮ-8 (2 ਗ੍ਰਾਮ ਪ੍ਰਤੀ 100 ਮਿ.ਲਿ. ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੌਰ ਤੇ ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਇਸੇ ਦਵਾਈ ਨਾਲ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਉਂ ਦਿਓ । ਪੌਦੇ ਦੇ ਆਲੇ-ਦੁਆਲੇ ਅਤੇ ਮੁੱਢਾਂ ਉੱਪਰ ਸੋਡੀਅਮ ਹਾਈਪੋਕਲੋਰਾਈਡ (5%) ਨੂੰ 50 ਮਿ.ਲਿ. ਪ੍ਰਤੀ ਬੂਟੇ ਦੇ ਹਿਸਾਬ ਨਾਲ 10 ਲਿਟਰ ਪਾਣੀ ਵਿੱਚ ਘੋਲ ਬਣਾ ਕੇ ਗੜੁੱਚ ਕਰੋ ।

7. ਨਿੰਬੂ ਜਾਤੀ ਦੇ ਫਲਾਂ ਦੇ ਦਰੱਖਤਾਂ ਤੇ ਕੀੜਿਆਂ ਖਾਸ ਕਰਕੇ ਸਿੱਲਾ ਅਤੇ ਚੇਪੇ ਦੀ ਰੋਕਥਾਮ ਲਈ 200 ਮਿ.ਲਿ. ਕਰੋਕੋਡਾਈਲ/ਕੰਨਫੀਡੋਰ 17.8 ਐਸ ਐਲ (ਇਮੀਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ 25 ਤਾਕਤ (ਥਇਆਮੈਥੋਕਸਮ) ਜਾਂ 6.25 ਲਿਟਰ ਐਚ ਐਮ ਓ ਨੂੰ 500 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ ।

8. ਅੰਬਾਂ ਵਿੱਚੋਂ ਚਿੱਟੋਂ ਰੋਗ ਦੀ ਰੋਕਥਾਮ ਲਈ ਕੰਟਾਫ (1 ਮਿ.ਲਿ. ਪ੍ਰਤੀ ਲਿਟਰ ਪਾਣੀ) ਜਾਂ ਸਲਫਰ ਘੁਲਣਸ਼ੀਲ (2.5 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਇੱਕ ਛਿੜਕਾਅ ਫੁੱਲ ਪੈਣ ਤੋਂ ਪਹਿਲਾਂ, ਦੂਜਾ ਫੁੱਲ ਪੈਣ ਸਮੇਂ ਅਤੇ ਤੀਜਾ ਫਲ ਪੈਣ (ਅੰਬੀ ਬਣਨ) ਸਮੇਂ ਕਰੋ ।

**ਸਜਾਵਟੀ ਬੂਟੇ : ਮੌਸਮੀ ਫੁੱਲ** : ਗਰਮੀਆਂ ਵਾਲੇ ਮੌਸਮੀ ਫੁੱਲ ਜਿਵੇਂ ਕੋਸਮੋਸ, ਗੈਲਾਰਡੀਆ, ਗੋਮਫਰੀਨਾ, ਕੋਚੀਆ, ਜ਼ੀਨੀਆ, ਦੁਪਹਿਰ ਖਿੜੀ ਦੀ ਨਰਸਰੀ ਲਈ ਢੁੱਕਵਾਂ ਸਮਾਂ ਹੈ । ਸਰਦੀ ਦੇ ਮੌਸਮੀ ਫੁੱਲਾਂ ਦਾ ਬੀਜ ਇਕੱਠਾ ਕਰਨਾ ਸ਼ੁਰੂ ਕਰ ਦਿਓ । ਬੀਜ ਨੂੰ ਸੁਕਾ ਕੇ ਡੱਬਿਆਂ ਵਿਚ ਬੰਦ ਕਰ ਕੇ ਰੱਖ ਦਿਓ ।

**ਗੁਲਦਾਉਦੀ** : ਗੁਲਦਾਉਦੀ ਦੇ ਜੰਝੂਏ, ਜਿੰਨ੍ਹਾਂ ਨੂੰ ਜਨਵਰੀ ਜਾਂ ਫਰਵਰੀ ਵਿਚ ਕਿਆਰੀਆਂ ਵਿੱਚ ਲਾਇਆ ਗਿਆ ਸੀ, ਉਨ੍ਹਾਂ ਦੇ ਟੂਸੇ ਤੋੜਦੇ ਰਹੋ ਤਾਂ ਜੋ



ਵੱਧ ਤੋਂ ਵੱਧ ਸ਼ਾਖਾਵਾਂ ਫੁੱਟ ਸਕਣ । ਸਮੇਂ ਸਿਰ ਨਦੀਨਾਂ ਨੂੰ ਪੁੱਟਦੇ ਰਹੋ ਅਤੇ ਕੋਮਲ ਸ਼ਾਖਾਵਾਂ ਉੱਪਰ ਕਾਲੇ ਤੇਲੇ ਦਾ ਸਰਵੇਖਣ ਕਰਦੇ ਰਹੋ ।

**ਪੱਕੇ ਬੂਟੇ** : ਇਸ ਮਹੀਨੇ ਦੌਰਾਨ ਸਦਾ ਬਹਾਰ ਰੁੱਖਾਂ, ਝਾੜੀਆਂ ਅਤੇ ਵੇਲਾਂ ਸਮੇਤ ਹਰ ਤਰ੍ਹਾਂ ਦੇ ਪੱਕੇ ਬੂਟਿਆਂ ਨੂੰ ਲਾਇਆ ਜਾ ਸਕਦਾ ਹੈ । ਬੂਟੇ ਲਾਉਣ ਲਈ ਗਾਚੀ ਤੋਂ ਤਿੰਨ ਗੁਣਾਂ ਵਿਆਸ ਅਤੇ ਗਾਚੀ ਦੀ ਲੰਬਾਈ ਜਿੰਨਾ ਟੋਆ ਪੁੱਟੋ । ਰੁੱਖਾਂ, ਝਾੜੀਆਂ ਦੀ ਪੌਦ ਲਗਾਉਣ ਦੌਰਾਨ ਉਨ੍ਹਾਂ ਦੀ ਆਪਸੀ ਦੂਰੀ ਦਾ ਧਿਆਨ ਰੱਖੋ । ਬੀਜ ਤੋਂ ਤਿਆਰ ਹੋਣ ਵਾਲੀਆਂ ਝਾੜੀਆਂ ਦਾ ਬੀਜ ਵੀ ਇਸ ਸਮੇਂ ਨਰਸਰੀ ਬੈੱਡ ਬਣਾ ਕੇ ਬੀਜਿਆ ਜਾ ਸਕਦਾ ਹੈ ।

**ਘਾਹ ਦਾ ਮੈਦਾਨ (ਲਾਅਨ)** : ਜੇਕਰ ਸਿੰਚਾਈ ਦੀ ਵਿਵਸਥਾ ਹੋਵੇ ਤਾਂ ਘਾਹ ਦਾ ਮੈਦਾਨ (ਉਪਚਾਰਿਕ ਅਤੇ ਅਨ-ਉਪਚਾਰਿਕ ਵਿਧੀ) ਤਿਆਰ ਕਰਨ ਲਈ ਇਹ ਵਧੀਆ ਮੌਸਮ ਹੈ । ਤਿਆਰ ਕੀਤੀ ਹੋਈ ਜ਼ਮੀਨ ਵਿੱਚ ਘਾਹ ਦੀਆਂ ਜੜ੍ਹਾਂ ਨੂੰ ਲਾਇਆ ਜਾ ਸਕਦਾ ਹੈ । ਸ਼ੁਰੂ ਵਿੱਚ ਲਾਅਨ ਦੀ ਸਿੰਚਾਈ ਫੁਹਾਰੇ ਨਾਲ ਕਰੋ । ਘਾਹ ਦਾ ਮੈਦਾਨ ਜਲਦੀ ਤਿਆਰ ਕਰਨ ਲਈ ਮੈਟ (ਟਰਫ) ਵੀ ਲਗਾਇਆ ਜਾ ਸਕਦਾ ਹੈ ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਾਲੇ ਬੂਟੇ ਜਿਵੇਂ ਕਿ ਡਰਾਈਸੀਨਾ, ਪੈਡੀਲੈਂਥਸ, ਐਲੋਕੇਸੀਆ, ਫਾਈਕਸ ਕਰੋਟੋਨਸ, ਕਲੋਰੋਫਾਈਟਮ, ਫਰਨ, ਸੈਨਸੀਵੇਰੀਆ ਆਦਿ ਨੂੰ ਵਧਾਉਣ ਅਤੇ ਖਾਦ ਪਾਉਣ ਦਾ ਉੱਤਮ ਸਮਾਂ ਹੈ । ਜਿਹੜੇ ਪੌਦੇ ਪਿਛਲੇ 3-4 ਸਾਲ ਤੋਂ ਗਮਲੇ ਵਿੱਚ ਲੱਗੇ ਹੋਏ ਹਨ, ਉਹਨਾਂ ਨੂੰ ਗਮਲੇ ਵਿੱਚੋਂ ਕੱਢ ਕੇ ਨਵੇਂ ਬੂਟੇ ਬਣਾ ਕੇ ਤਾਜ਼ੀ ਮਿੱਟੀ ਨਾਲ ਭਰੇ ਹੋਏ ਗਮਲਿਆਂ ਵਿਚ ਦੁਬਾਰਾ ਲਾ ਦਿਉ ਅਤੇ ਪਾਣੀ ਪਾਓ । ਅਜਿਹਾ ਕਰਨ ਨਾਲ ਬੂਟਿਆਂ ਵਿੱਚ ਨਿਖਾਰ ਅਤੇ ਨਵੇਂ ਪੱਤਿਆਂ ਦਾ ਵਾਧਾ ਹੋਵੇਗਾ । ਲੋੜ ਪੈਣ ਤੇ ਸੁੱਕੇ ਪੱਤੇ ਅਤੇ ਵਾਧੂ ਸ਼ਾਖਾਵਾਂ ਕੱਟ ਦਿਓ ।

**ਗੰਢਿਆਂ ਵਾਲੇ ਬੂਟੇ** : ਜੇਕਰ ਗਰਮੀ ਦੇ ਗੰਢਿਆਂ ਵਾਲੇ ਬੂਟਿਆਂ ਦੇ ਗੰਢੇ ਨਹੀਂ ਬੀਜੇ ਤਾਂ ਹੁਣ ਜ਼ਰੂਰ ਬੀਜ ਦਿਉ । ਰਜਨੀਗੰਧਾ ਦੇ ਗੰਢੇ ਇਸ ਮਹੀਨੇ ਵੀ ਬੀਜੇ ਜਾ ਸਕਦੇ ਹਨ ।

**ਗੁਲਾਬ** : ਗਰਮੀ ਦਾ ਮੌਸਮ ਸ਼ੁਰੂ ਹੋਣ ਕਰਕੇ ਪਾਣੀ ਦੀ ਜ਼ਰੂਰਤ ਵੱਧ ਜਾਂਦੀ ਹੈ । ਇਸ ਕਰਕੇ ਸਿੰਚਾਈ ਦਾ ਖਾਸ ਧਿਆਨ ਰੱਖੋ ਤਾਂ ਕਿ ਸਿਹਤਮੰਦ ਫੁੱਲ ਪ੍ਰਾਪਤ ਕੀਤੇ ਜਾ ਸਕਣ । ਸੁੱਕੇ ਹੋਏ ਫੁੱਲਾਂ ਨੂੰ ਲਗਾਤਾਰ ਕੱਟਦੇ ਰਹੋ । ਇਸ ਮੌਸਮ ਵਿੱਚ ਬੂਟਿਆਂ ਵਿੱਚੋਂ ਜੜਮੁੱਢ ਜ਼ਿਆਦਾ ਨਿਕਲਦੇ ਹਨ, ਉਹਨਾਂ ਨੂੰ ਵੀ ਸਮੇਂ-ਸਮੇਂ ਤੇ ਕੱਟਦੇ ਰਹੋ । ਸੁੱਕੇ ਫੁੱਲਾਂ ਨੂੰ ਕੱਟਦੇ ਰਹੋ ।

**ਗੇਂਦਾ** : ਗਰਮੀ ਵਾਲੇ ਗੇਂਦੇ (ਪੰਜਾਬ ਗੇਂਦਾ ਨੰ.1) ਦੀ ਪਨੀਰੀ ਜੇਕਰ ਤਿਆਰ ਹੈ ਤਾਂ ਖੇਤ ਵਿੱਚ ਲਾ ਦਿਓ ।

**ਵਣ ਖੇਤੀ : ਪਾਪਲਰ** : ਤਿੰਨ ਸਾਲ ਤੋਂ ਘੱਟ ਉਮਰ ਦੀਆਂ ਪਾਪਲਰ ਪਲਾਂਟੇਸ਼ਨਾਂ ਵਿੱਚ ਮਾਰਚ ਦੇ ਅਖੀਰ ਤੱਕ ਗੰਨੇ ਦੀ ਬਿਜਾਈ ਕਰ ਸਕਦੇ ਹੋ ਪਾਪਲਰ ਦੀ ਨਰਸਰੀ ਅਤੇ ਪਲਾਂਟੇਸ਼ਨਾਂ ਨੂੰ 7-10 ਦਿਨਾਂ ਦੇ ਵਕਫੇ ਤੇ ਪਾਣੀ ਲਾਉਂਦੇ ਰਹੋ ਤਾਂ ਜੋ ਫੁਟਾਰਾ ਚੰਗਾ ਹੋ ਸਕੇ । ਨਰਸਰੀ ਵਿਚ ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਤੋਂ ਬਾਅਦ ਤੁਰੰਤ ਵਿਛਾ ਦਿਓ ।

**ਸਫੈਦਾ** : ਸਫੈਦੇ ਦੇ ਬੀਜ ਨੂੰ ਫਰਵਰੀ-ਮਾਰਚ ਵਿਚ ਧਰਤੀ ਤੋਂ ਉੱਚੀਆਂ ਕਿਆਰੀਆਂ (10 ਤੋਂ 15 ਸੈਂਟੀਮੀਟਰ) ਵਿਚ ਛੱਟਾ ਮਾਰ ਕੇ ਜਾਂ ਲਾਈਨਾਂ ਵਿਚਕਾਰ 10 ਸੈ. ਮੀ. ਦੀ ਦੂਰੀ ਰੱਖ ਕੇ 20 ਗ੍ਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਬੀਜ ਦਿਉ । ਘਾਹ ਦੇ ਬਣੇ ਹੋਏ ਛੱਪਰ ਨਾਲ ਢੱਕ ਦਿਉ ਅਤੇ ਲੋੜ ਅਨੁਸਾਰ ਪਾਣੀ ਦਾ ਛਿੜਕਾਅ ਕਰਦੇ ਰਹੋ ਤਾਂ ਜੋ ਮਿੱਟੀ ਦੀ ਉੱਪਰਲੀ ਸਤਹਿ ਗਿੱਲ੍ਹੀ ਰਹੇ । ਜਦੋਂ ਪੌਦੇ ਤਿੰਨ ਜਾਂ ਚਾਰ ਪੱਤੇ ਕੱਢ ਲੈਣ ਤਾਂ ਇਨ੍ਹਾਂ ਨੂੰ ਪੋਲੀਥੀਨ ਦੀਆਂ ਥੈਲੀਆਂ ਵਿੱਚ, ਜਿਨ੍ਹਾਂ ਨੂੰ ਮਿੱਟੀ ਅਤੇ ਰੂੜੀ ਦੀ ਖਾਦ (2:1) ਨਾਲ ਭਰ ਕੇ ਪਾਣੀ ਲਾਇਆ ਹੋਵੇ, ਉਹਨਾਂ ਥੈਲੀਆਂ ਵਿੱਚ ਲਾ ਦਿਉ ।

ਸਫੈਦੇ ਦੀ ਪਲਾਂਟੇਸ਼ਨ ਨੂੰ ਫਾਸਫੋਰਸ ਦੀ ਖੁਰਾਕ ਅਤੇ ਇਕ ਤਿਹਾਈ ਨਾਈਟ੍ਰੋਜਨ ਖਾਦ, ਮਾਰਚ ਦੇ ਦੂਜੇ ਪੰਦਰਵਾੜੇ ਵਿਚ ਪਾ ਦੇਣੀ ਚਾਹੀਦੀ ਹੈ ।

## ਸ਼ਹਿਦ ਦੀਆਂ ਮੱਖੀਆਂ ਪਾਲਣਾ

ਸ਼ਹਿਦ ਮੱਖੀ ਪਾਲਣ ਸ਼ੁਰੂ ਕਰਨ ਲਈ ਅਜੇ ਵੀ ਅੱਧ ਮਾਰਚ ਤੱਕ ਇਹ ਢੁਕਵਾਂ ਸਮਾਂ ਹੈ । ਇਸ ਮਹੀਨੇ ਕਾਫੀ ਫੁੱਲ-ਫੁਲਾਕਾ ਪ੍ਰਾਪਤ ਹੋਣ ਅਤੇ ਸੁਖਾਵਾਂ ਮੌਸਮ ਹੋਣ ਕਾਰਨ ਬਰੂਡ ਪੈਂਦਾ ਹੈ ਅਤੇ ਇਸ ਲਈ ਕਟੁੰਬਾਂ ਦੀ ਬਲਤਾ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ । ਸੋ ਇਹ ਕਟੁੰਬਾਂ ਦੀ ਗਿਣਤੀ ਵਿੱਚ ਵਾਧੇ ਲਈ ਵੀ ਢੁਕਵਾਂ ਸਮਾਂ ਹੈ । ਕਟੁੰਬਾਂ ਦੀ ਗਿਣਤੀ ਵਿੱਚ ਵਾਧਾ ਉਨ੍ਹਾਂ ਦੀ ਸੁਚੱਜੀ ਵੰਡ ਕਰਕੇ ਜਾਂ ਸਮੂਹਕ ਰਾਣੀ ਮੱਖੀਆਂ ਤਿਆਰ ਕਰਕੇ ਕੀਤਾ ਜਾ ਸਕਦਾ ਹੈ । ਇਹ ਸਮਾਂ ਪੁਰਾਣੀਆਂ ਅਤੇ ਮਾੜੀਆਂ ਰਾਣੀ ਮੱਖੀਆਂ ਤਬਦੀਲ ਕਰਨ ਲਈ ਵੀ ਢੁੱਕਵਾਂ ਹੈ ਅਤੇ ਇਸ ਮੰਤਵ ਲਈ ਲੋੜੀਂਦੀਆਂ ਰਾਣੀ ਮੱਖੀਆਂ ਕਿਸੇ ਚੰਗੇ ਰਵੇ ਤੇ ਕਟੁੰਬਾਂ ਤੋਂ



ਵਪਾਰਕ ਪੱਧਰੀ ਸਮਕਾਲੀ ਸਮੂਹਕ ਰਾਣੀ ਮੱਖੀਆਂ ਤਿਆਰ ਕਰਨ ਵਾਲੇ ਢੰਗ ਨੂੰ ਅਪਣਾ ਕੇ ਤਿਆਰ ਕੀਤੀਆਂ ਜਾ ਸਕਦੀਆਂ ਹਨ । ਜੇ ਅਜੇ ਤੱਕ ਕਟੁੰਬਾਂ ਦੀ ਹਿਜ਼ਰਤ ਸਫੈਦੇ ਦੇ ਦਰੱਖਤਾਂ ਨੇੜੇ ਨਹੀਂ ਕੀਤੀ, ਤਾਂ ਮਾਰਚ ਮਹੀਨੇ ਦੇ ਸ਼ੁਰੂ ਵਿਚ ਹੀ ਇਹ ਹਿਜ਼ਰਤ ਜ਼ਰੂਰ ਕਰ ਦੇਣੀ ਚਾਹੀਦੀ ਹੈ । ਇਸ ਹਿਜ਼ਰਤ ਤੋਂ ਪਹਿਲਾਂ ਮੱਖੀਆਂ ਦੁਆਰਾ ਸਰ੍ਹੋਂ ਤੋਂ ਇਕੱਠਾ ਕੀਤਾ ਸ਼ਹਿਦ ਕੱਢ ਲਵੋ । ਜੇਕਰ ਕਟੁੰਬ ਵਿੱਚ ਮੱਖੀਆਂ ਦੀ ਬਲਤਾ ਜ਼ਿਆਦਾ ਹੈ ਤਾਂ ਕਟੁੰਬ ਨੂੰ ਹੋਰ ਛੱਤੇ, ਬੁਨਿਆਦੀ ਸ਼ੀਟਾਂ ਲੱਗੀਆਂ ਫਰੇਮਾਂ ਦਿਉ । ਜੇਕਰ ਕਟੁੰਬ ਪਹਿਲਾਂ ਹੀ 10 ਛੱਤਿਆਂ ਤੇ ਹੈ ਤਾਂ ਸੁਪਰ ਚੈਂਬਰ ਦੇ ਰੂਪ ਵਿੱਚ ਹੋਰ ਜਗ੍ਹਾ ਦੇਵੋ । ਸਵਾਰਮ ਪ੍ਰਤੀ ਚੁਕੰਨੇ ਰਹੋ ਅਤੇ ਇਸ ਦੀ ਰੋਕਥਾਮ ਲਈ ਸਿਫਾਰਸ਼ਾਂ ਅਨੁਸਾਰ ਯੋਗ ਪ੍ਰਬੰਧ ਕਰੋ । ਬਰੂਡ ਨੂੰ ਬਾਹਰੀ ਪ੍ਰਜੀਵੀ ਮਾਈਟ (ਟਰੋਪਲੀਲੈਪਸ ਕਲੇਰੀ) ਦੇ ਹਮਲੇ ਤੋਂ ਬਚਾਉਣ ਲਈ ਛੱਤਿਆਂ ਦੇ ਉਪਰਲੇ ਡੰਡਿਆਂ ਉਪਰ ਸਲਫਰ ਦਾ ਧੂੜਾ ਇਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ । ਇਨ੍ਹਾਂ ਸੇਧੇ ਹੋਏ ਉਪਰਲੇ ਡੰਡਿਆਂ ਨੂੰ ਅੰਦਰਲੇ ਢੱਕਣ ਨਾਲ ਢੱਕੋ । ਢੁੱਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) ਦੀ ਧੂਣੀ 5 ਮਿਲੀਲਿਟਰ ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫਤੇ ਵਰਤੋ । ਫਾਰਮਿਕ ਐਸਿਡ ਵਰੋਆ ਮਾਈਟ (ਚਿੱਚੜੀ) ਦੀ ਰੋਕਥਾਮ ਲਈ ਵੀ ਫਾਇਦੇਮੰਦ ਹੈ । ਔਗਜੈਲਿਕ ਐਸਿਡ ਦਾ ਖੰਡ ਦੇ 60 ਪ੍ਰਤੀਸ਼ਤ ਘੋਲ ਵਿੱਚ ਤਿਆਰ ਕੀਤਾ 4.2 ਪ੍ਰਤੀਸ਼ਤ ਘੋਲ, 5 ਮਿਲੀਲਿਟਰ ਹਰ ਦੋ ਛੱਤਿਆਂ ਵਿਚਾਲੇ ਦੇਰ ਸ਼ਾਮ ਨੂੰ ਹਫਤੇ-ਹਫਤੇ ਦੇ ਵਕਫ਼ੇ ਤੇ ਤਿੰਨ ਵਾਰ ਵਰਤਣਾ ਵੀ ਵਰੋਆ ਚਿੱਚੜੀ ਦੀ ਰੋਕਥਾਮ ਲਈ ਫਾਇਦੇਮੰਦ ਹੈ ।

(ਚੱਲਦਾ)

# ਫੱਗਣ ਫੂਲੇ ਖੇਤ ਜਿਉਂ ਬਣ ਤਿਣ ਫੂਲ ਸਿੰਗਾਰ



ਹਰਮਨਪ੍ਰੀਤ ਸਿੰਘ, ਸਰਹਿੰਦ,
ਜ਼ਿਲ੍ਹਾ ਫਤਹਿਗੜ੍ਹ ਸਾਹਿਬ,
ਮੋ. 98550-10005

ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰ੍ਹਵਾਂ ਬਣਦਾ ਹੈ। ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ, ਇਸ ਮਹੀਨੇ ਅੰਬੀਆਂ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾਂ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀਆਂ ਨਜ਼ਰੀ ਆਉਂਦੀਆਂ ਹਨ। ਇਸ ਮਹੀਨੇ ਸਰ੍ਹੋਂ ਦੇ ਖੇਤ ਇਸ ਤਰ੍ਹਾਂ ਨਜ਼ਰੀ ਪੈਂਦੇ ਹਨ ਜਿਵੇਂ ਕੁਦਰਤ ਦੀ ਇਸ ਕਾਯਨਾਤ ਨਾਲ ਕੋਈ ਗੁਫਤਗੂ ਕਰ ਰਹੇ ਹੋਣ। ਇਸ ਫੱਗਣ ਮਹੀਨੇ ਦੀ ਆਮਦ ਨਾਲ ਫੁੱਲ, ਬੂਟਿਆਂ ਤੇ ਬਾਹਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦਾ ਹੈ। ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਤੇ ਮਹਾਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿੱਸਿਆਂ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਜਿਨ੍ਹਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤਉੱਲਾ ਜੀ ਕਹਿੰਦੇ ਹਨ :

ਚੜ੍ਹਿਆ ਫੱਗਣ ਕੰਧੀ ਲੱਗਣ ਉਮਰ ਰਹੀ ਦਿਨ ਥੋੜ੍ਹੇ ਨੀ।
ਨਾਲ ਪੀਆ ਦੇ ਖੇਡਾਂ ਹੋਲੀ ਏਹ ਮੇਰਾ ਦਿਲ ਲੋੜੇ ਨੀ।
ਐਸਾ ਕੌਣ ਕੱਢਾਂ ਮੈਂ ਦਰਦੀ ਜਾ ਉਸ ਨੂੰ ਹੱਥ ਜੋੜੇ ਨੀ।
ਤਾਂ ਸੁਹਾਗਣ ਬਣਾ ਹਿਦਾਇਤ ਜੇ ਸ਼ਹੁ ਵਾਗਾਂ ਮੋੜੇ ਨੀ॥

ਅੱਧ ਫਰਵਰੀ ਤੋਂ ਅੱਧ ਮਾਰਚ ਮਹੀਨੇ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾਂ ਦਾ ਤੇ ਕਿਸੇ ਸਾਲ 31 ਦਿਨਾਂ ਦਾ ਹੋ ਨਿੱਬੜਦਾ ਹੈ। ਇਸ ਮਹੀਨੇ ਜਿੱਥੇ ਦਿਨੇ ਸੂਰਜ ਦੀਆਂ ਕਿਰਨਾਂ ਨਾਲ ਫੁੱਲ, ਬੂਟਿਆਂ ਤੇ ਨਿਖਾਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ ਖੁੱਲ੍ਹੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤਾਂ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ 'ਚ ਲੈ ਲੋਰੀਆਂ ਸੁਣਾਉਂਦੀ ਹੋਵੇ। ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ, ਬਸ਼ਰਤੇ ਮਨੁੱਖੀ ਮਨ ਨੂੰ ਮਨ ਨਾਲ ਇਹ ਕੁਦਰਤ ਦੀ ਕਾਯਨਾਤ ਨਾਲ ਮੋਹ ਪਾ ਇਕ-ਮਿਕ ਹੋਣਾ ਪਵੇਗਾ, ਬਾਰਾਂਮਾਹ 'ਚ ਬਾਬਾ ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ :



ਫੱਗਣ ਫੁੱਲੇ ਖੇਤ ਜਿਉਂ ਬਣ ਤਿਣ ਫੂਲ ਸਿੰਗਾਰ,
ਹਰ ਡਾਲੀ ਫੁੱਲ ਪੱਤੀਆਂ ਗਲ ਫੂਲਣ ਦੇ ਹਾਰ,
ਹੋਰੀ ਖੇਲਣ ਸਈਆਂ ਫੱਗਣ, ਮੇਰੇ ਨੈਣ ਝਲਾਰੀਂ ਵੱਗਣ,
ਐਖੇ ਜਿਉਦਿਆਂ ਦੇ ਦਿਨ ਤੱਗਣ, ਸੀਨੇ ਸਾਣ ਪ੍ਰੇਮ ਦੇ ਲੱਗਣ,
ਜੋ ਕੁਝ ਰੋਜ਼ ਅਜ਼ਲ ਥੀਂ ਹੋਈ, ਲਿਖੀ ਕਲਮ ਨਾ ਮੇਟੇ ਕੋਈ,
ਦੁੱਖਾਂ ਸੂਲਾਂ ਦਿੱਤੀ ਢੋਈ, ਬੁੱਲ੍ਹਾ ਸ਼ੌਹ ਨੂੰ ਆਖੇ ਕੋਈ,
ਜਿਸ ਨੂੰ ਰੋ ਰਹੀ ।6।

ਭਾਰਤ ਦੀਆਂ ਮੁੱਖ ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਣੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਾਹਰ ਦੀ ਰੁੱਤ ਇਸ ਫੱਗਣ ਮਹੀਨੇ 'ਚ ਹੀ ਆਉਂਦੀ ਹੈ। ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ। ਸਾਡੇ ਕਈਂ ਸੂਫੀ-ਸੰਤ-ਫਕੀਰ, ਸਾਹਿਤਕਾਰਾਂ ਨੇ ਤਿੱਥ ਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ ਤੇ ਵੀ ਬਹੁਤ ਕੁਝ ਕਿਹਾ ਹੈ। ਉਨ੍ਹਾਂ ਦੀਆਂ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਦੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰ ਦੇ ਆਪਸੀ ਸਬੰਧ ਉਨ੍ਹਾਂ ਬੜੀ ਸੂਝ-ਬੂਝ ਨਾਲ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੇ ਬਾਹਰ ਦੀ ਰੁੱਤ ਫੱਗਣ ਦੇ ਮਹੀਨੇ ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇਕ ਕਵਿਤਾ 'ਚ ਕਹਿੰਦੇ ਹਨ :

ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀ ਲਲਾਰਣੇ।
ਅੱਜ ਮੈਂ ਲੋਕਾਈ, ਉੱਤੇ ਸਾਰੇ ਰੰਗ ਵਾਰਨੇ।
ਇਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ।
ਇਕ ਕੱਚਾ ਸੂਹਾ ਰੰਗ, ਸੋਹਲਵੇਂ ਸਾਲ ਦਾ।
ਇਕ ਪੱਕਾ ਸੂਹਾ ਰੰਗ, ਕਿ ਰੰਗ ਖਿਆਲ ਦਾ।
ਇਹ ਦੋ ਰੁੱਤਾਂ ਦਾ ਮੇਲ, ਹੁਨਾਲ ਸਿਆਲ ਦਾ।

# ਖਤਰੇ ਵਿਚ ਹਨ ਸਾਡੇ ਜੰਗਲ ਬੇਲੇ

> ਦੁਨੀਆਂ ਵਿਚ ਬਨਸਪਤੀ ਦੀ ਸਭ ਤੋਂ ਸੰਘਣੀ ਪੱਟੀ ਤਪਤ-ਖੰਡ ਵਿਚ ਹੈ। ਇੱਥੋਂ ਦੀ ਗਰਮੀ ਅਤੇ ਭਰਪੂਰ ਨਮੀਂ ਰੁੱਖਾਂ ਨੂੰ ਮੌਲਨ ਵਿਚ ਸਹਾਈ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤਪਤ-ਖੰਡ ਵਣ ਧਰਤੀ ਦੇ ਕੇਵਲ 6% ਹਿੱਸੇ ਉੱਪਰ ਹੀ ਫੈਲੇ ਹੋਏ ਹਨ, ਪਰ ਇਨ੍ਹਾਂ ਅੰਦਰ ਦੁਨੀਆਂ ਦੀ 50% ਤੋਂ ਵੱਧ ਬਨਸਪਤੀ ਅਤੇ ਜੀਵ-ਵਣਗੀ ਮਿਲ ਜਾਂਦੀ ਹੈ। ਇਸ ਨੂੰ ਬਨਸਪਤੀ ਤੇ ਜੀਵ-ਵਣਗੀ ਦੀ ਦ੍ਰਿਸ਼ਟੀ ਤੋਂ ਅਤਿ ਅਮੀਰ ਮੰਡਲ ਮੰਨਿਆ ਜਾਂਦਾ ਹੈ।

ਪ੍ਰਿਥਵੀ ਦੇ ਜਿਊਂਦੇ ਰਹਿਣ ਲਈ ਹਰਿਆਊਲੇ ਫੇਫੜਿਆਂ ਭਾਵ ਰੁੱਖਾਂ ਦੀ ਉਸੇ ਤਰ੍ਹਾਂ ਹੀ ਜ਼ਰੂਰਤ ਹੈ, ਜਿਸ ਤਰ੍ਹਾਂ ਮਨੁੱਖ ਨੂੰ ਜ਼ਿੰਦਾ ਰਹਿਣ ਲਈ ਹਵਾ ਤੇ ਪਾਣੀ ਦੀ। ਕੁਦਰਤ ਨੇ ਪ੍ਰਿਥਵੀ ਨੂੰ ਤੰਦਰੁਸਤ ਰੱਖਣ ਲਈ ਸੰਘਣੀ ਬਨਸਪਤੀ ਦਾ ਕੱਜਣ ਦਿੱਤਾ ਹੈ। ਕੁਦਰਤ ਦੇ ਇਹ ਬਨਸਪਤੀ ਰੂਪੀ ਕਾਰਖਾਨੇ ਸਾਡੇ ਲਈ ਅਸੀਮ ਮਾਤਰਾ ਵਿਚ ਆਕਸੀਜਨ ਤਿਆਰ ਕਰਦੇ ਹਨ। ਧੂੜ -ਕਣ, ਹਵਾ ਵਿਚ ਉੱਡਦੀ ਗੰਦਗੀ ਅਤੇ ਜੀਵਾਂ ਰਾਹੀਂ ਪੈਦਾ ਕੀਤੀ ਜਾਣ ਵਾਲੀ ਕਾਰਬਨਡਾਇਆਕਸਾਈਡ ਨੂੰ ਕੁਦਰਤ ਦੇ ਇਹ ਕਾਰਖਾਨੇ ਚੂਸ ਲੈਂਦੇ ਹਨ ਅਤੇ ਇਸ ਦੇ ਵਟਾਂਦਰੇ ਵਿੱਚ ਸਾਨੂੰ ਮਿਲਦੀ ਹੈ। ਸਾਫ ਅਤੇ ਸ਼ੁੱਧ ਹਵਾ।



ਦੁਨੀਆਂ ਵਿਚ ਬਨਸਪਤੀ ਦੀ ਸਭ ਤੋਂ ਸੰਘਣੀ ਪੱਟੀ ਤਪਤ-ਖੰਡ ਵਿਚ ਹੈ। ਇੱਥੋਂ ਦੀ ਗਰਮੀ ਅਤੇ ਭਰਪੂਰ ਨਮੀਂ ਰੁੱਖਾਂ ਨੂੰ ਮੌਲਨ ਵਿਚ ਸਹਾਈ ਹੁੰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤਪਤ-ਖੰਡ ਵਣ ਧਰਤੀ ਦੇ ਕੇਵਲ 6% ਹਿੱਸੇ ਉੱਪਰ ਹੀ ਫੈਲੇ ਹੋਏ ਹਨ, ਪਰ ਇਨ੍ਹਾਂ ਅੰਦਰ ਦੁਨੀਆਂ ਦੀ 50% ਤੋਂ ਵੱਧ ਬਨਸਪਤੀ ਅਤੇ ਜੀਵ-ਵਣਗੀ ਮਿਲ ਜਾਂਦੀ ਹੈ। ਇਸ ਨੂੰ ਬਨਸਪਤੀ ਤੇ ਜੀਵ-ਵਣਗੀ ਦੀ ਦ੍ਰਿਸ਼ਟੀ ਤੋਂ ਅਤਿ ਅਮੀਰ ਮੰਡਲ ਮੰਨਿਆ ਜਾਂਦਾ ਹੈ। ਇਕੱਲੇ ਐਮੇਜ਼ੋਨੀ ਖੇਤਰ (ਦੱਖਣੀ ਅਮਰੀਕਾ) ਵਿਚ ਹੀ 10 ਕਿਲੋਮੀਟਰ ਰਕਬੇ ਵਿਚ ਰੁੱਖਾਂ ਦੀਆਂ 750, ਪਸ਼ੂਆਂ ਦੀਆਂ 125, ਪੰਛੀਆਂ ਦੀਆਂ 450 ਅਤੇ ਸੱਪਾਂ ਅਤੇ ਹੋਰ ਜੀਵ-ਜੰਤੂਆਂ ਦੀਆਂ ਸੈਂਕੜੇ ਕਿਸਮਾਂ ਮਿਲ ਜਾਂਦੀਆਂ ਹਨ। ਰੁੱਖਾਂ ਦੀਆਂ ਖੋੜਾਂ ਅਤੇ ਘੁਰਨਿਆਂ ਅੰਦਰ ਹੀ ਕੀੜਿਆਂ-ਮਕੌੜਿਆਂ ਦੀਆਂ 400 ਤੋਂ ਵੱਧ ਨਸਲਾਂ ਲੱਭੀਆਂ ਗਈਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਐਮੇਜ਼ੋਨੀ ਜੰਗਲ ਜੀਵ-ਵਿਗਿਆਨੀਆਂ ਲਈ ਇਕ ਬਹੁ-ਮੁੱਲੀ ਪ੍ਰਯੋਗਸ਼ਾਲਾ ਹੈ। ਇਨ੍ਹਾਂ ਤਪਤ-ਖੰਡੀ ਜੰਗਲਾਂ ਕੋਲ ਪ੍ਰਾਣੀ-ਮੰਡਲ ਦੀ ਉਤਪਤੀ ਅਤੇ ਵਿਕਾਸ ਦੇ ਅਜਿਹੇ ਭੇਦ ਹਨ, ਜਿਨ੍ਹਾਂ ਤੱਕ ਸਾਡੀ ਅਜੇ ਵੀ ਰਸਾਈ ਨਹੀਂ ਹੋ ਸਕੀ। ਰਸਾਇਣ ਵਿਗਿਆਨੀਆਂ ਅਨੁਸਾਰ ਇਹ ਸੰਘਣੀ ਬਨਸਪਤੀ ਬੇਸ਼ੁਮਾਰ ਔਸ਼ਧੀਆਂ ਦਾ ਭੰਡਾਰ ਹੈ। ਇੱਥੇ ਇਕ ਅਜਿਹਾ ਰੁੱਖ ਵੀ ਮਿਲਿਆ ਹੈ, ਜਿਸ ਦੇ ਕੰਪਾਊਂਡ 'ਚੋਂ ਅਜਿਹੀ ਸੁਗੰਧ ਆਉਂਦੀ ਹੈ, ਜਿਸ ਨੂੰ ਖਾਣ ਨਾਲ ਕੀੜੇ ਦੌੜ ਜਾਂਦੇ ਹਨ। ਸਾਡੀ ਨਿੰਮ ਵਿਚ ਵੀ ਤਾਂ ਅਜਿਹੇ ਗੁਣ ਹਨ। ਵਿਗਿਆਨੀਆਂ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਵਿਸ਼ਵ ਦੀਆਂ ਚਾਰ ਫਾਰਮੇਸੀਆਂ ਦਾ ਆਧਾਰ ਇਹ ਤਪਤ-ਖੰਡੀ ਸੰਘਣੇ ਜੰਗਲ ਹਨ। ਅਨੁਮਾਨ ਲਗਾਇਆ ਗਿਆ ਹੈ ਕਿ ਇੱਥੇ 1400 ਅਜਿਹੇ ਪੌਦੇ ਹਨ ਜਿਨ੍ਹਾਂ ਕੋਲ ਕੈਂਸਰ ਵਿਰੋਧੀ ਗੁਣ ਹਨ।

ਇਹ ਕਿੰਨਾ ਵੱਡਾ ਦੁਖਾਂਤ ਹੈ ਕਿ ਅੱਜ ਦੀ ਮਨੁੱਖੀ ਨਸਲ ਇਸ ਜੀਵਨ ਵਰਧਕ ਸੋਮੇਂ ਨੂੰ ਬੁਰੀ ਤਰ੍ਹਾਂ ਨਸ਼ਟ ਕਰਨ ਵਿਚ ਲੱਗੀ ਹੋਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹਰ ਸਾਲ ਲੱਖਾਂ ਹੈਕਟੇਅਰ ਜੰਗਲੀ ਰਕਬਾ ਸਾਫ ਕੀਤਾ ਜਾ ਰਿਹਾ ਹੈ, ਜਦੋਂ ਇਸ ਭਿਆਨਕ ਗਤੀ ਨਾਲ ਜੰਗਲ ਕੱਟੇ ਜਾ ਰਹੇ ਹੋਣ ਤਾਂ ਅਨੁਮਾਨ ਲਗਾਓ, ਇਹ ਸ਼ਰਨਗਾਹ ਵਿਚ ਵਸਦੇ ਜੀਵਾਂ ਦਾ ਕੀ ਬਣੇਗਾ ? ਇਹ ਸਾਰੇ ਵਾਤਾਵਰਣੀ-ਪਨਾਹਗੀਰ ਬਣਦੇ ਜਾ ਰਹੇ ਹਨ ਅਤੇ ਜਿਹੜੇ ਜੀਵ ਨਵੀਆਂ ਸ਼ਰਨਗਾਹਾਂ ਨਹੀਂ ਲੱਭ ਸਕਦੇ ਜਾਂ ਨਵੇਂ ਵਾਤਾਵਰਣ ਅਨੁਸਾਰ ਆਪਣੇ-ਆਪ ਨੂੰ ਨਹੀਂ ਢਾਲਦੇ ਉਨ੍ਹਾਂ ਦੀ ਨਸਲਕੁਸ਼ੀ ਹੋ ਜਾਣੀ ਸੰਭਵ ਹੈ। ਜੰਗਲ ਅਤੇ ਜੰਗਲੀ ਜੀਵਾਂ ਤੋਂ ਵਿਹੂਣੀ ਧਰਤੀ ਨੂੰ ਮਾਰੂਥਲ ਹੀ ਕਿਹਾ ਜਾ ਸਕਦਾ ਹੈ। ਜੀਵ ਵਿਗਿਆਨੀ ਇਸ ਨੂੰ ਜੀਵੀ-ਵਿਭਿੰਨਤਾ ਦਾ ਵਿਨਾਸ਼ ਕਹਿੰਦੇ ਹਨ। ਇਸ ਨਾਲ ਕੁਦਰਤ ਦਾ ਸਮੁੱਚਾ ਸਮਤੋਲ ਵਿਗੜ ਜਾਂਦਾ ਹੈ। ਜਿਸ ਦੇ ਸਿੱਟੇ ਬੜੇ ਭਿਆਨਕ ਨਿਕਲਦੇ ਹਨ। ਇਸ ਗੱਲ ਦਾ ਤਾਂ ਸਭ ਨੂੰ ਗਿਆਨ ਹੈ ਕਿ ਇੰਨੇ ਰੁੱਖਾਂ ਦੇ ਬਦਲਣ ਨਾਲ ਅਥਾਹ ਮਾਤਰਾ ਵਿਚ ਕਾਰਬਨ ਡਾਈਆਕਸਾਈਡ ਦਾ ਨਿਕਾਸ ਹੁੰਦਾ ਹੈ। ਇਹੀ ਗੈਸ ਸਾਡੇ ਵਾਯੂਮੰਡਲ ਨੂੰ ਪਲੀਤ ਕਰਕੇ ਵਿਸ਼ਵ-ਨਿੱਘ ਦੀ ਦਰ ਨੂੰ ਤੇਜ਼ ਕਰ ਰਹੀ ਹੈ। ਵਾਤਾਵਰਣ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਿੱਘ ਨੇ ਧਰੁਵੀ ਬਰਫਾਂ ਨੂੰ ਉੱਕਾ ਪਿਘਲਾਅ ਦੇਣਾ ਹੈ। ਇਸ ਨਾਲ ਸਮੁੱਚੀ ਪ੍ਰਿਥਵੀ ਦਾ ਜਲਵਾਯੂ ਬਦਲ ਜਾਵੇਗਾ। ਜੰਗਲ ਨਸ਼ਟ ਹੋਣ ਨਾਲ ਕੇਵਲ ਈਕੋ ਪ੍ਰਣਾਲੀ ਹੀ ਨਹੀਂ ਸਗੋਂ ਉਸ ਖਿੱਤੇ ਅੰਦਰ ਰਹਿੰਦੇ ਲੋਕਾਂ ਦੇ ਸਭਿਆਚਾਰਕ ਵਿਰਸੇ ਤੇ ਰਵਾਇਤੀ ਬਨਸਪਤੀ ਦੀ ਨਸਲਕੁਸ਼ੀ ਹੋ ਸਕਦੀ ਹੈ। ਇਹ ਸਮੁੱਚਾ ਵਿਨਾਸ਼ ਫਿਰ ਭੂਮੀ ਨੂੰ ਅਜਿਹਾ ਖੋਰਾ ਲਗਾਉਂਦਾ ਹੈ ਕਿ



ਨੇੜਲੇ ਭਵਿੱਖ ਵਿਚ ਇਸ ਦੀ ਮੁੜ ਸੁਰਜੀਤੀ ਹੋਣੀ ਅਸੰਭਵ ਹੈ। ਬਿਨਾਂ ਸ਼ੱਕ ਆਰਥਿਕ ਉੱਨਤੀ ਅਤੇ ਕੁਦਰਤ ਦੀ ਸੰਭਾਲ ਇਕ-ਦੂਸਰੇ ਨਾਲ ਪ੍ਰਣਾਏ ਮੁੱਦੇ ਹਨ। ਵਾਤਾਵਰਣੀ ਮੁੱਦਿਆਂ ਨੂੰ ਪ੍ਰੱਖਿਆਂ ਰੱਖ ਕੇ ਆਰਥਿਕ ਯੋਜਨਾਵਾਂ ਘੜੀਆਂ ਤਾਂ ਜਾ ਸਕਦੀਆਂ ਹਨ, ਪਰ ਲੋੜੀਂਦੇ ਸਿੱਟੇ ਨਹੀਂ ਦੇ ਸਕਦੀਆਂ, ਸਗੋਂ ਕਈ ਵਾਰ ਇਹ ਵਿਰੋਧੀ ਦਿਸ਼ਾ ਨੂੰ ਲੈ ਤੁਰਦੀਆਂ ਹਨ। ਅੱਜ ਸਾਨੂੰ ਅਜਿਹੇ ਵਿਕਾਸ ਦੀ ਲੋੜ ਹੈ, ਜਿਹੜਾ ਮਾਨਵੀ ਜ਼ਰੂਰਤਾਂ ਦੀ ਪੂਰਤੀ ਕਰਦਾ ਹੋਇਆ ਵੀ ਪ੍ਰਿਥਵੀ ਦੇ ਪੇਚੀਦਾ ਪਰ ਮਲੂਕ ਜਿਹੇ ਜੀਵੀ ਮੰਡਲ ਨੂੰ ਹੋਰ ਅਮੀਰ ਕਰੇ, ਜਿਸ ਦੀ ਸ਼ੁਰੂਆਤ ਰੁੱਖਾਂ ਨੂੰ ਲਗਾਉਣ ਅਤੇ ਬਚਾਉਣ ਤੋਂ ਹੀ ਹੋਣੀ ਚਾਹੀਦੀ।

**ਸੁਖਮੰਦਰ ਸਿੰਘ ਤੂਰ,**
ਪਿੰਡ ਤੇ ਡਾਕ. ਖੋਸਾ ਪਾਂਡੋ (ਮੋਗਾ)

# ਨਿੰਬੂ ਜਾਤੀ ਦੇ ਬੂਟੇ, ਗੂੰਦੀਆ ਰੋਗ ਅਤੇ ਜੜ੍ਹਾਂ ਦੇ ਗਾਲੇ ਦੀ ਰੋਕਥਾਮ

**ਪੰਜਾਬ 'ਚ ਨਿੰਬੂ ਜਾਤੀ ਦੇ ਫਲਾਂ ਦੇ ਹੇਠ 57,288 ਹੈਕਟੇਅਰ ਰਕਬਾ ਹੈ, ਜਿਸ ਵਿਚੋਂ 12,81,632 ਮੀਟਰਕ ਟਨ ਪੈਦਾਵਾਰ ਹੁੰਦੀ ਹੈ। ਨਿੰਬੂ ਜਾਤੀ ਦੇ ਫਲਾਂ ਚੋਂ ਕਿੰਨੂ ਦੇ ਹੇਠ 53,045 ਹੈਕਟੇਅਰ ਰਕਬਾ ਹੈ ਅਤੇ ਪੈਦਾਵਾਰ 12,46,821 ਮੀਟਰਕ ਟਨ ਹੈ। ਨਿੰਬੂ ਜਾਤੀ ਦੇ ਬੂਟਿਆਂ ਦੀ ਕਾਸ਼ਤ 'ਚ ਕਈਂ ਮੁਸ਼ਕਲਾਂ ਆਉਂਦੀਆਂ ਹਨ, ਜਿਨ੍ਹਾਂ ਵਿੱਚੋਂ ਗੂੰਦੀਆਂ ਰੋਗ ਅਤੇ ਜੜ੍ਹਾਂ ਦਾ ਗਾਲਾ ਗੰਭੀਰ ਸਮੱਸਿਆ ਹੈ। ਬਿਮਾਰੀ ਨਾਲ ਬੂਟਿਆਂ ਦੀ ਉਮਰ ਘਟ ਜਾਂਦੀ ਹੈ ਅਤੇ ਫਲਾਂ ਦੀ ਗੁਣਵੱਤਾ ਅਤੇ ਪੈਦਾਵਾਰ 'ਤੇ ਵੀ ਮਾੜਾ ਅਸਰ ਪੈਂਦਾ ਹੈ।**

**ਬਿਮਾਰੀ ਲਈ ਢੁੱਕਵੇ ਹਾਲਾਤ** : ਗੂੰਦੀਆ ਅਤੇ ਜੜ੍ਹਾਂ ਦੇ ਗਾਲ੍ਹੇ ਦਾ ਰੋਗ ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ 'ਚ ਜ਼ਿਆਦਾ ਨੁਕਸਾਨ ਕਰਦਾ ਹੈ।

ਪਿਉਂਦੀ ਅੱਖ ਜ਼ਮੀਨ 'ਚ ਡੂੰਘੀ ਦੱਬੀ ਹੋਵੇ, ਬਿਮਾਰੀ ਵਾਲੇ ਬੂਟੇ ਬਾਗ 'ਚ ਲਗਾਏ ਹੋਣ, ਵਧੇਰੇ ਸਿੰਜਾਈ, ਗੋਡੀ ਕਰਦਿਆਂ ਮੁੱਢ ਤੇ ਜੜ੍ਹਾਂ ਦਾ ਜ਼ਖਮੀਂ ਹੋਣਾ, ਬੂਟੇ ਦੇ ਤਨੇ ਦੇ ਨੇੜੇ ਰੂੜੀ ਦਾ ਢੇਰ ਲਗਾਉਣਾ, ਬੂਟੇ ਹੇਠ ਨਦੀਨ ਹੋਣ ਜਾਂ ਤਨੇ ਦੁਆਲੇ ਜ਼ਿਆਦਾ ਮਿੱਟੀ ਚੜ੍ਹਾਉਣਾ ਆਦਿ ਹਾਲਾਤ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦੇ ਹਨ। 25-28 ਡਿਗਰੀ ਸੈਂਟੀਗਰੇਡ ਤਾਪਮਾਨ 'ਤੇ ਬਿਮਾਰੀ ਵਧੇਰੇ ਫੈਲਦੀ ਹੈ। ਜੁਲਾਈ-ਅਕਤੂਬਰ ਦੌਰਾਨ ਬਰਸਾਤਾਂ ਕਾਰਨ ਵਾਤਾਵਰਨ 'ਚ ਸਿੱਲ੍ਹ ਵੱਧ ਜਾਂਦੀ ਹੈ। ਅਜਿਹੇ ਹਾਲਾਤ ਵਿੱਚ ਬੂਟਿਆਂ 'ਤੇ ਬਿਮਾਰੀ ਦਾ ਹਮਲਾ ਤੇਜ਼ੀ ਨਾਲ ਵੱਧਦਾ ਹੈ। ਬੂਟਿਆਂ 'ਤੇ ਗੂੰਦੀਆਂ ਰੋਗ ਅਤੇ ਜੜ੍ਹਾਂ ਦੇ ਗਾਲ੍ਹੇ ਦੀਆਂ ਨਿਸ਼ਾਨੀਆਂ ਦਾ ਪਤਾ ਹੋਣ 'ਤੇ ਹੀ ਸਮੇਂ ਸਿਰ ਇਲਾਜ ਕਰ ਕੇ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਬਿਮਾਰੀ ਦੀ ਸਹੀ ਪਛਾਣ** : ਸਰਵੇਖਣ ਦੌਰਾਨ ਇਹ ਪਾਇਆ ਗਿਆ ਕਿ ਇਹ ਬਿਮਾਰੀ ਹੁਸ਼ਿਆਰਪੁਰ, ਫਰੀਦਕੋਟ, ਫਾਜ਼ਿਲਕਾ, ਬਠਿੰਡਾ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ ਨਿੰਬੂ ਜਾਤੀ ਦੇ ਬਾਗਾਂ 'ਚ ਆਮ ਵੇਖਣ ਨੂੰ ਮਿਲਦੀ ਹੈ। ਇਸ ਉੱਲ੍ਹੀ ਦੇ ਕਣ ਜ਼ਮੀਨ 'ਚ ਪਾਏ ਜਾਂਦੇ ਹਨ, ਜਿਸ ਕਾਰਨ ਇਹ ਉੱਲ੍ਹੀ ਜ਼ਮੀਨ ਦੇ ਅੰਦਰੋਂ-ਅੰਦਰ ਹੀ ਬੂਟੇ ਦੀਆਂ ਜੜ੍ਹਾਂ ਨੂੰ ਖਤਮ ਕਰ ਦਿੰਦੀ ਹੈ। ਇਸ ਲੁਕੇ ਹੋਏ ਹਮਲੇ ਨਾਲ ਬੂਟੇ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਸਿੱਟੇ ਵਜੋਂ ਬਾਗਬਾਨਾਂ ਦਾ ਭਾਰੀ ਮਾਲੀ ਨੁਕਸਾਨ ਹੁੰਦਾ ਹੈ। ਇਹ ਬਿਮਾਰੀ ਪੰਜਾਬ ਵਿੱਚ ਨਿੰਬੂ-ਜਾਤੀ ਦੀਆਂ ਸਾਰੀਆਂ ਕਿਸਮਾਂ 'ਤੇ ਹਮਲਾ ਕਰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਬਿਮਾਰੀ ਦੀ ਸਹੀ ਪਛਾਣ ਕਰ ਕੇ ਸਮੇਂ ਸਿਰ ਰੋਕਥਾਮ ਕੀਤੀ ਜਾਵੇ ਤਾਂ ਜੋ ਵੱਡੇ ਨੁਕਸਾਨ ਤੋਂ ਬਚਿਆ ਜਾ ਸਕੇ।

**ਗੂੰਦੀਆ ਰੋਗ** : ਇਹ ਬਿਮਾਰੀ ਉੱਲ੍ਹੀ ਦੇ ਹਮਲੇ ਕਾਰਨ ਹੁੰਦੀ ਹੈ। ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ



ਹੈ। ਇਸੇ ਲਈ ਇਸ ਨੂੰ ਗੂੰਦੀਆ ਰੋਗ ਆਖਦੇ ਹਨ। ਬਿਮਾਰੀ ਵਾਲੇ ਹਿੱਸੇ ਅਤੇ ਨਾਲ ਲਗਦੇ ਤਨੇ ਦੀ ਛਿੱਲ ਭੂਰੀ ਤੋਂ ਕਾਲੀ ਹੋ ਜਾਂਦੀ ਹੈ। ਜਿਵੇਂ-ਜਿਵੇਂ ਜ਼ਖਮ ਵੱਡੇ ਹੁੰਦੇ ਹਨ, ਛਿੱਲ 'ਚ ਲੰਬੀਆਂ ਤਰੇੜਾਂ ਪੈ ਜਾਂਦੀਆਂ ਹਨ। ਪੱਤੇ ਪੀਲੇ ਪੈ ਜਾਂਦੇ ਹਨ ਅਤੇ ਉੱਲ੍ਹੀ ਤਣੇ ਦੇ ਚਾਰੇ ਪਾਸੇ ਘੁੰਮ ਜਾਂਦੀ ਹੈ। ਬੂਟੇ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟਾ ਮਰਨਾ ਸ਼ੁਰੂ ਹੋ ਜਾਂਦਾ ਹੈ। ਕਈਂ ਵਾਰ ਪ੍ਰਭਾਵਿਤ ਹਿੱਸੇ 'ਚੋਂ ਕਾਲਾ ਤਰਲ ਪਦਾਰਥ ਵੀ ਨਿਕਲਦਾ ਹੈ। ਇਹ ਵੀ ਇਸੇ ਬਿਮਾਰੀ ਦੀ ਮੁੱਖ ਨਿਸ਼ਾਨੀ ਹੈ। ਬਿਮਾਰੀ ਵਾਲੇ ਬੂਟਿਆਂ 'ਤੇ ਬਹੁਤ ਫੁੱਲ ਆਉਂਦੇ ਹਨ, ਜੋ ਫਲ ਬਣਨ ਤੋਂ ਪਹਿਲਾਂ ਹੀ ਝੜ ਜਾਂਦੇ ਹਨ ਅਤੇ ਬੂਟੇ ਫਲ ਪੱਕਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

**ਜੜ੍ਹਾਂ ਦਾ ਗਾਲਾ** : ਇਹ ਉੱਲ੍ਹੀ ਬੂਟੇ ਦੀਆਂ ਖੁਰਾਕੀ ਜੜ੍ਹਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਅਤੇ ਬੂਟਿਆਂ ਨੂੰ ਹੌਲੀ-ਹੌਲੀ ਮਾਰਦੀ ਹੈ। ਇਸ ਦੇ ਹਮਲੇ ਨਾਲ ਜੜ੍ਹਾਂ ਦੀ ਬਾਹਰਲੀ ਛਿੱਲ ਨਰਮ ਅਤੇ ਪਾਣੀ-ਭਿੱਜੀ ਹੋ ਜਾਂਦੀ ਹੈ। ਜੜ੍ਹਾਂ ਦੀ ਛਿੱਲ ਤੇ ਲੱਕੜ ਵਿਚਕਾਰਲੀ ਥਾਂ ਦਾ ਰੰਗ ਬਦਲ ਜਾਂਦਾ ਹੈ ਅਤੇ ਜੜ੍ਹਾਂ ਮਰ ਜਾਂਦੀਆਂ ਹਨ। ਇਹ ਨਿਸ਼ਾਨੀਆਂ ਸੋਕੇ ਦੌਰਾਨ ਬੂਟਿਆਂ 'ਤੇ ਸਪਸ਼ਟ ਨਜ਼ਰ ਆਉਂਦੀਆਂ ਹਨ। ਰੋਗੀ ਬੂਟਿਆਂ ਦੇ ਪੱਤਿਆਂ ਦਾ ਪੀਲਾ ਹੋਣਾ ਬਿਮਾਰੀ ਦੀ ਮੁੱਢਲੀ ਨਿਸ਼ਾਨੀ ਹੈ। ਗੰਭੀਰ ਹਾਲਾਤ ਦੌਰਾਨ ਮਰ ਰਹੀਆਂ ਜੜ੍ਹਾਂ ਦੀ ਗਿਣਤੀ ਵੱਧ ਜਾਂਦੀ ਹੈ। ਨਵੀਆਂ ਜੜ੍ਹਾਂ ਖੁਰਾਕ ਦੀ ਪੂਰਤੀ ਨਹੀਂ ਕਰ ਸਕਦੀਆਂ ਜਿਸ ਕਾਰਨ ਪੱਤਿਆਂ ਦੀ ਗਿਣਤੀ ਘੱਟ ਜਾਂਦੀ ਹੈ ਅਤੇ ਟਾਹਣੀਆਂ ਰੋੜੀਆਂ ਹੋ ਜਾਂਦੀਆਂ ਹਨ। ਬੂਟਿਆਂ ਨੂੰ ਭਰਪੂਰ ਫੁੱਲ ਆਉਂਦੇ ਹਨ ਅਤੇ ਫਲਾਂ ਦੇ ਪੱਕਣ ਤੋਂ ਪਹਿਲਾਂ ਹੀ ਬੂਟੇ ਮਰ ਜਾਂਦੇ. ਹਨ।

**ਇਲਾਜ** : ਬਿਮਾਰੀ ਦੇ ਇਲਾਜ ਲਈ ਜ਼ਰੂਰੀ ਵਾਲੇ ਹਿੱਸੇ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖੁਰਚ ਦਿਓ। ਜ਼ਖਮ ਨੂੰ ਕਿਰਮ ਰਹਿਤ ਘੋਲ ਨਾਲ ਸਾਫ ਕਰੋ। ਉਤਾਰੀ ਗਈ ਰੋਗੀ ਛਿੱਲ ਨੂੰ ਨਸ਼ਟ ਕਰ ਦਿਉ ਤਾਂ ਜੋ ਉੱਲ੍ਹੀ ਜ਼ਮੀਨ 'ਚ ਨਾ ਫੈਲ ਸਕੇ। ਜ਼ਖਮ 'ਤੇ ਬੋਰਡੋ ਪੇਸਟ ਲਗਾਓ। ਜਦੋਂ ਇਹ ਸੁੱਕ ਜਾਵੇ ਤਾਂ ਬੋਰਡੋ ਪੇਂਟ ਲਗਾਓ। ਇਸ ਤੋਂ ਬਾਅਦ ਬੋਰਡੋ ਮਿਸ਼ਰਣ (2:2:250) ਦਾ



ਛਿੜਕਾਅ ਕਰੋ ਜਾਂ ਸਾਫ ਕੀਤੇ ਜ਼ਖਮਾਂ 'ਤੇ 2 ਗ੍ਰਾਮ ਕਰਜ਼ੈਟ ਐੱਮ-8 ਨੂੰ 100 ਮਿਲੀਲਿਟਰ ਅਲਸੀ ਦੇ ਤੇਲ 'ਚ ਘੋਲ ਕੇ ਸਾਲ 'ਚ ਦੋ ਵਾਰ (ਫਰਵਰੀ-ਮਾਰਚ ਅਤੇ ਜੁਲਾਈ-ਅਗਸਤ ਜ਼ਖਮਾਂ 'ਤੇ ਮਲ ਦਿਓ। ਬਾਅਦ 'ਚ ਇਸੇ ਦਵਾਈ ਦੀ 25 ਗ੍ਰਾਮ ਮਾਤਰਾ ਨੂੰ 10 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਤਣੇ ਦੇ ਚਾਰ-ਚੁਫੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰ ਦਿਉ। ਬੂਟਿਆਂ ਦੇ ਮੁੱਢਾਂ ਤੇ ਛਤਰੀ ਹੇਠ ਸੋਡੀਅਮ ਹਾਈਪੋਕਲੋਰਾਈਟ 5 ਫੀਸਦੀ ਨੂੰ 50 ਮਿਲੀਲੀਟਰ ਪ੍ਰਤੀ ਬੂਟਾ ਦੇ ਹਿਸਾਬ ਨਾਲ 10 ਲਿਟਰ ਪਾਣੀ 'ਚ ਘੋਲ ਕੇ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ 'ਚ ਚੰਗੀ ਤਰ੍ਹਾਂ ਛਿੜਕਾਅ ਕਰੋ।

**ਸਾਵਧਾਨੀਆਂ** : ਬਾਗਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਇਲਾਜ ਤੋਂ ਵਧੀਆ ਢੰਗ ਪਰਹੇਜ਼ ਹੈ। ਬਾਗ ਲਗਾਉਣ ਲਈ ਬੂਟੇ ਰੋਗ ਰਹਿਤ ਅਤੇ ਪ੍ਰਮਾਣਿਤ ਨਰਸਰੀਆਂ ਤੋਂ ਹੀ ਖਰੀਦੋ। ਜੇ ਬਾਗ ਦੀ ਜ਼ਮੀਨ ਦਾ ਪੀ ਐੱਚ ਪੱਧਰ 8 ਤੋਂ ਘੱਟ ਹੋਵੇ ਤਾਂ ਕਿੰਨੂ ਲਈ ਕੈਰੀਜ਼ੋ ਜੜ੍ਹ-ਮੁੱਢ ਵੀ ਵਰਤਿਆ ਜਾ ਸਕਦਾ ਹੈ। ਇਹ ਜੜ੍ਹ-ਮੁੱਢ ਗੂੰਦੀਆ ਰੋਗ ਤੇ ਜੜ੍ਹਾਂ ਦੇ ਗਾਲੇ ਨੂੰ ਰੋਕਣ ਦੇ ਸਮਰੱਥ ਹੁੰਦਾ ਹੈ। ਬੂਟੇ ਲਗਾਉਣ ਸਮੇਂ ਪਿਉਂਦ ਵਾਲੀ ਅੱਖ ਨੂੰ ਜ਼ਮੀਨ ਤੋਂ 9 ਇੰਚ ਉੱਚਾ ਰੱਖ। ਬੂਟੇ ਉਸ ਜ਼ਮੀਨ 'ਤੇ ਹੀ ਲਗਾਓ, ਜਿੱਥੇ ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਹੋਵੇ। ਜ਼ਮੀਨ ਬਹੁਤੀ ਭਾਰੀ ਨਾ ਹੋਵੇ ਤਾਂ ਚੰਗਾ ਹੈ।

ਬੂਟੇ ਦੀ ਸਿਹਤ ਬਰਕਰਾਰ ਰੱਖੋ, ਖੁੱਲ੍ਹਾ ਪਾਣੀ ਲਗਾਉਣ ਤੋਂ ਗੁਰੇਜ਼ ਕਰੋ। ਕਿਉਂਕਿ ਇਹ ਬਿਮਾਰੀ ਪਾਣੀ ਰਾਹੀਂ ਬੜੀ ਤੇਜ਼ ਫੈਲਦੀ ਹੈ। ਸਿੰਜਾਈ ਵਾਲਾ ਪਾਣੀ ਸਿੱਧਾ ਪੌਦੇ ਦੇ ਤਣੇ ਨਾਲ ਨਾ ਲੱਗਣ ਦਿਓ। ਸਿੰਜਾਈ ਸਮੇਂ ਰੋਗੀ ਬੂਟੇ ਨੂੰ ਵੱਟਾਂ ਬਣਾ ਕੇ ਪਾਣੀ ਦੇਣਾ ਜ਼ਿਆਦਾ ਲਾਹੇਵੰਦ ਹੈ ਤਾਂ ਕਿ ਪਾਣੀ ਰਾਹੀਂ ਬਿਮਾਰੀ ਇਸ ਤੋਂ ਅੱਗੇ ਨਾ ਫੈਲ ਸਕੇ। ਡਰਿੱਪ ਸਿੰਜਾਈ ਤਰੀਕੇ ਨਾਲ ਪਾਣੀ ਦੀ ਢੁੱਕਵੀ ਵਰਤੋਂ ਕਰ ਕੇ ਵੀ ਇਨ੍ਹਾਂ ਬਿਮਾਰੀਆਂ ਦੇ ਹਮਲੇ ਨੂੰ ਘਟਾਇਆ ਜਾ ਸਕਦਾ ਹੈ। ਬਾਗ 'ਚ ਸਾਫ ਸਫਾਈ ਰੱਖੋ। ਬੂਟੇ ਦੇ ਘੇਰੇ ਹੇਠ ਨਦੀਨ ਨਹੀਂ ਹੋਣੇ ਚਾਹੀਦੇ। ਡੂੰਘੀ ਵਹਾਈ ਨਾ ਕਰੋ। ਬਾਗ 'ਚ ਕੰਮ ਕਰਦੇ ਸਮੇਂ ਤਣੇ ਅਤੇ ਜੜ੍ਹਾਂ ਨੂੰ ਜ਼ਖਮੀ ਹੋਣ ਤੋਂ ਬਚਾਉ। ਤਣੇ ਦੇ ਦੁਆਲੇ ਮਿੱਟੀ ਨਾ ਚੜ੍ਹਾਓ। ਰੋਗੀ ਬੂਟਿਆਂ ਨੂੰ ਜੜ੍ਹੋਂ ਪੁਟ ਕੇ ਸਾੜ ਦਿਉ ਤਾਂ ਕਿ ਬਿਮਾਰੀ ਦੇ ਫੈਲਾਅ ਨੂੰ ਘਟਾਇਆ ਜਾ ਸਕੇ। ਜਿਸ ਵੇਲੇ ਬੂਟਿਆਂ ਨੂੰ ਫਲ ਲੱਗਦਾ ਹੋਵੇ ਉਸ ਸਮੇਂ ਬਾਗ ਵਿੱਚ ਹੋਰ ਫਸਲਾਂ ਦੀ ਕਾਸ਼ਤ ਨਾਲ ਕਰੋ। ਜੇਕਰ ਬੂਟੇ ਛੋਟੇ ਹੋਣ ਅਤੇ ਫਲ ਲੱਗਣਾ ਸ਼ੁਰੂ ਨਾ ਹੋਇਆ ਹੋਵੇ ਤਾਂ ਫਲੀਦਾਰ ਫਸਲਾਂ, ਜਿਵੇਂ ਮਟਰ, ਛੋਲੇ, ਮਾਂਹ, ਗੁਆਰਾ ਅਤੇ ਮੂੰਗੀ ਆਦਿ ਬੀਜੀਆਂ ਜਾ ਸਕਦੀਆਂ ਹਨ। ਵੱਧ ਪਾਣੀ ਲੈਣ ਵਾਲੀਆਂ ਫਸਲਾਂ, ਜਿਵੇਂ ਬਰਸੀਮ, ਆਲੂ ਅਤੇ ਵੇਲਾਂ ਵਾਲੀ ਸਬਜ਼ੀਆਂ ਬਾਗ ਵਿੱਚ ਨਹੀਂ ਬੀਜਣੀਆਂ ਚਾਹੀਦੀਆਂ ਕਿਉਕਿ ਪਾਣੀ ਉੱਲ੍ਹੀ ਦੇ ਫੈਲਾਅ ਲਈ ਸਹਾਈ ਹੁੰਦਾ ਹੈ।

**ਅਨੀਤਾ ਅਰੋੜਾ**

# ਅਲੋਪ ਹੋ ਰਿਹਾ ਚੁੱਲ੍ਹਾ-ਚੌਂਕਾ

ਵਿਰਸਾ ਬੇਸ਼ੱਕ ਤਿੰਨ ਅੱਖਰਾਂ ਦਾ ਹੀ ਸ਼ਬਦ ਹੈ ਪਰ ਇਹ ਆਪਣੇ ਵਿੱਚ ਬਹੁਤ ਕੁਝ ਸਮੋਈ ਬੈਠਾ ਹੈ। ਪੰਜਾਬ ਦਾ ਮਹਾਨ ਵਿਰਸਾ ਬੜਾ ਅਮੀਰ ਸੀ। ਵਿਰਸੇ ਦੇ ਵੀ ਕਈ ਰੰਗ ਸਨ ਜਿਵੇਂ ਧਾਰਮਿਕ, ਸੱਭਿਆਚਾਰ ਵਿਰਸਾ, ਖਾਣ-ਪਹਿਨਣ ਦਾ ਵਿਰਸਾ, ਕੰਮ-ਢੰਗ ਦਾ ਵਿਰਸਾ, ਗੱਲ ਕੀ ਵਿਰਸਾ ਕਈ ਰੰਗਾਂ 'ਚ ਪੁਰਾਤਨ ਸਮੇਂ ਤੋਂ ਹੀ ਵਿਚਰਦਾ ਆ ਰਿਹਾ ਹੈ। ਪਰ ਅੱਜ ਅਸੀਂ ਆਧੁਨਿਕਤਾ ਦੀ ਦੌੜ 'ਚ ਸ਼ਾਮਲ ਹੋ ਕੇ ਆਪਣੇ ਪੁਰਾਤਨ ਵਿਰਸੇ ਨਾਲੋਂ ਬੁਰੀ ਤਰ੍ਹਾਂ ਟੁੱਟ ਚੁੱਕੇ ਹਾਂ। ਆਪਣੇ ਵਿਰਸੇ ਨਾਲੋਂ ਟੁੱਟਣ ਦੇ ਕਈ ਦੁੱਖ ਵੀ ਹੰਢਾ ਰਹੇ ਹਾਂ ਅਤੇ ਪੁਰਾਤਨ ਸਮੇਂ ਵੱਲ ਚੇਤਾ ਕਰਕੇ ਪਛਤਾਉਂਦੇ ਵੀ ਹਾਂ, ਫਿਰ ਪਛਤਾਉਣ ਦਾ ਫਾਇਦਾ ਕੀ ਜਦ.......।

ਪੁਰਾਤਨ ਸਮੇਂ 'ਚ ਪਿੰਡਾਂ 'ਚ ਹੀ ਜ਼ਿਆਦਾਤਰ ਲੋਕਾਂ ਦਾ ਵਾਸਾ ਸੀ। ਖੇਤੀਬਾੜੀ ਤੋਂ ਬਿਨਾਂ ਜਾਤੀ ਕੰਮ ਹੀ ਲੋਕਾਂ ਦੇ ਮੁੱਖ ਧੰਦੇ ਸਨ। ਉਸ ਸਮੇਂ ਪ੍ਰੇਮ-ਪਿਆਰ ਦੀ ਭਾਈਚਾਰਕ ਸਾਂਝ ਬਹੁਤ ਹੀ ਗੂੜ੍ਹੀ ਹੁੰਦੀ ਸੀ। ਪੇਂਡੂ ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਸਭ ਸਾਦੇ ਸਨ। ਪਿੰਡਾਂ ਵਿੱਚ ਬਹੁਤੇ ਘਰ ਕੱਚੇ ਹੀ ਸਨ। ਕੱਚੀਆਂ ਕੰਧਾਂ ਕਰ ਉੱਪਰ ਸ਼ਤੀਰੀਆਂ, ਕੜੀਆਂ ਪਾ ਉੱਤੇ ਸਰਕੜਾ ਪਾ ਮਿੱਟੀ ਦੀ ਛੱਤ ਪਾ ਦਿੱਤੀ ਜਾਂਦੀ ਅਤੇ ਵੱਡੇ ਲਾਣਿਆਂ ਦੇ ਵੀ ਕੱਚੇ ਖੁੱਲ੍ਹੇ ਦਲਾਨ ਹੀ ਹੁੰਦੇ ਸਨ। ਘਰ ਵਿੱਚ ਆਨਾਜ, ਕਣਕ, ਦਾਣੇ, ਗੁੜ ਆਦਿ ਰੱਖਣ ਲਈ ਮਿੱਟੀ ਦੀਆਂ ਕੋਠੀਆਂ, ਭੜੋਲੇ ਆਦਿ ਘਰ ਦੀਆਂ ਸੁਆਣੀਆਂ ਬੜੀ ਮਿਹਨਤ ਨਾਲ ਇਕੱਠੀਆਂ ਹੋ-ਹੋ ਬਣਾਉਂਦੀਆਂ ਸਨ। ਸਾਰੇ ਪਰਿਵਾਰ ਸਾਂਝੇ ਤੌਰ 'ਤੇ ਰਹਿੰਦੇ ਸਨ ਅਤੇ ਵੱਡੇ-ਛੋਟੇ ਦਾ ਡਰ-ਭੈਅ ਅਤੇ ਆਦਰ ਸਤਿਕਾਰ ਹੁੰਦਾ ਸੀ। ਦੇਸੀ ਖੁਰਾਕ ਵੀ ਆਹਲਾ ਅਤੇ ਅਜੀਬ ਹੁੰਦੀ ਸੀ।

ਰੋਟੀ ਪਾਣੀ ਬਣਾਉਣ ਲਈ ਹਰ ਘਰ ਵਿੱਚ ਚੁੱਲ੍ਹਾ ਚੌਂਕਾ ਵਿਸ਼ੇਸ਼ ਤੌਰ ਤੇ ਬਣਾਇਆ ਜਾਂਦਾ ਸੀ। ਘਰ ਵਿੱਚ ਢੁੱਕਵੀਂ ਜਗ੍ਹਾ ਇਕ ਨੁੱਕਰ ਜਿਹੀ ਦੇਖ ਕੇ ਉੱਥੇ ਮਿੱਟੀ ਦੀਆਂ ਦੋ ਤੋਂ ਤਿੰਨ ਫੁੱਟ ਉੱਚੀਆਂ ਕੰਧਾਂ ਬਣ ਕੇ ਵਿਚਕਾਰ ਛੋਟੀਆਂ ਗੋਲੀਆਂ ਰੱਖ ਕੇ ਚੁੱਲ੍ਹਾ ਚੌਂਕੇ ਦਾ ਸਾਮਾਨ ਬਣਾਇਆ ਜਾਂਦਾ। ਇਸ ਚੌਰਸ ਜਿਹੀ ਜਗ੍ਹਾ 'ਚ ਢੁੱਕਵੇ ਤਰੀਕੇ ਨਾਲ ਚੁੱਲ੍ਹਾ ਰੋਟੀਆਂ ਲਈ ਲੋਹ, ਦੁੱਧ ਕਾੜਨ ਲਈ ਹਾਰਾ ਅਤੇ ਕੁਝ ਹੋਰ ਪ੍ਰਮੁੱਖ ਚੀਜ਼ਾਂ ਬਣਾਈਆਂ ਜਾਂਦੀਆਂ ਸਨ। ਇਸ ਚੁੱਲ੍ਹੇ ਚੌਂਕੇ 'ਚ ਵਰਤਣ ਵਾਲੀਆਂ ਚੀਜ਼ਾਂ ਤੋਂ ਇਲਾਵਾ ਭਾਂਡੇ ਆਦਿ ਰੱਖਣ ਲਈ ਇਕ ਵੱਡੀ ਕੰਧ ਨਾਲ ਮਿੱਟੀ ਅਤੇ ਤੂੜੀ ਦਾ ਲੇਪ ਬਣਾ, ਸੋਟੀਆਂ ਦੇ ਸਹਾਰੇ ਮਿੱਟੀ ਦੀਆਂ ਫੱਟੀਆਂ ਬਣਾ ਕੇ ਸਾਮਾਨ ਟਿਕਾਣ ਲਈ ਅੱਡ ਅੱਡ ਖਾਨੇ ਬਣਾਏ ਜਾਂਦੇ। ਜਿਨ੍ਹਾਂ ਨੂੰ ਆਲੇ ਕਿਹਾ ਜਾਂਦਾ ਸੀ। ਨਿੱਕੇ ਭਾਂਡੇ, ਦੀਵਾ, ਤੀਲਾਂ ਦੀ ਡੱਬੀ ਅਤੇ ਲੂਣ ਤੇਲ ਅਤੇ ਹੋਰ ਸਾਮਾਨ ਇਨ੍ਹਾਂ ਆਲਿਆਂ 'ਚ ਟਿਕਾਇਆ ਜਾਂਦਾ। ਸਾਰੇ ਚੁੱਲ੍ਹੇ ਚੌਂਕੇ ਅਤੇ ਆਲਿਆਂ ਤੇ ਮਿੱਟੀ ਦਾ ਪੋਚਾ ਅਤੇ ਪਾਂਡੂ ਦਾ ਪੋਚਾ ਸਾਫ ਸਫਾਈ ਲਈ ਲਾਇਆ ਜਾਂਦਾ। ਸ਼ਾਮ-ਸਵੇਰੇ ਸਾਰਾ ਟੱਬਰ ਹੀ ਇਸ ਚੁੱਲ੍ਹੇ ਚੌਂਕੇ 'ਚ ਬੈਠ ਕੇ ਅੰਨ-ਪਾਣੀ ਛੱਕਦਾ ਸੀ। ਘਰ ਦੀ ਸੁਆਣੀ ਮੁੱਖੀ ਸਾਰਾ ਸਾਮਾਨ ਹੱਥੀਂ ਤਿਆਰ ਕਰਦੀ ਅਤੇ ਬਾਕੀ ਟੱਬਰ ਉਸਦਾ ਹੱਥ ਵਟਾਉਂਦਾ ਸੀ।

ਸਿਆਲ ਦੇ ਦਿਨਾਂ 'ਚ ਚੁੱਲ੍ਹੇ ਚੌਂਕੇ ਦੀ ਮਹੱਤਤਾ ਕੁੱਝ ਹੋਰ ਵੀ ਵੱਧ ਜਾਂਦੀ ਸੀ। ਸਵੇਰ ਵੇਲੇ ਚੁੱਲ੍ਹੇ 'ਚ ਪਾਥੀਆਂ ਦਾ ਝੋਕਾ ਭਰ ਅੱਗ ਬਾਲ ਦੇਣੀ ਅਤੇ ਸਭ ਤੋਂ ਪਹਿਲਾਂ ਚਾਹ ਤਿਆਰ ਹੁੰਦੀ। ਫਿਰ ਹਾਲੀ-ਪਾਲੀ ਦੇ ਕੰਮ ਤੇ ਜਾਣ ਲਈ ਹਾਜਰੀ ਰੋਟੀ ਤਿਆਰ ਹੁੰਦੀ। ਸਾਰਾ ਦਿਨ ਚੁੱਲ੍ਹੇ 'ਚ ਅੱਗ ਬੁੱਝਣ ਨਹੀਂ ਦਿੱਤੀ ਜਾਂਦੀ ਸੀ। ਅੱਗ ਧੁਖਦੀ ਰੱਖਣ ਲਈ ਗੋਹਾ-ਲੱਕੜ ਲਾਈ ਜਾਣਾ। ਚੌਂਕੇ ਦੇ ਹਾਰੇ ਵਿੱਚ ਦੁੱਧ ਕੜਨਾ ਧਰ ਦੇਣਾ, ਮੱਠੀ-ਮੱਠੀ ਅੱਗ ਤੇ ਦੁੱਧ ਨੇ ਕੜ-ਕੜ ਲਾਲ ਹੋ ਜਾਣਾ, ਜਿਸ ਦੇ ਕੜਨ ਦੀ ਮਹਿਕ ਅਤੇ ਪੀਣ ਦਾ ਸੁਆਦ ਹੀ ਹੋਰ ਹੁੰਦਾ ਸੀ। ਘਰ ਆਏ ਮਹਿਮਾਨ ਲਈ ਕੜ੍ਹਿਆ ਦੁੱਧ ਸ਼ੱਕਰ-ਗੁੜ ਪਾ ਕੇ ਉਚੇਚਾ ਦਿੱਤਾ ਜਾਂਦਾ ਸੀ। ਸਿਆਲ 'ਚ ਚੁੱਲ੍ਹੇ ਤੇ ਸਾਗ ਦੀ ਤੌੜੀ ਧਰੀ ਜਾਂਦੀ ਸੀ। ਠੰਢ ਤੋਂ ਬਚਣ ਲਈ ਸੇਕਣ ਲਈ ਹਰ ਮੈਂਬਰ ਨੇ ਚੌਂਕੇ 'ਚ ਬੈਠਣ ਅਤੇ ਸਾਗ ਘੋਟ-ਘੋਟ ਬਹੁਤ ਹੀ ਸੁਆਦਲਾ ਬਣਾ ਦਿੱਤਾ ਜਾਂਦਾ ਸੀ। ਫਿਰ ਮੱਕੀ ਦੀ ਰੋਟੀ ਬਣਾ ਕੇ, ਸਾਗ ਰੋਟੀ ਉੱਪਰ ਹੀ ਰੱਖ ਮੱਖਣ-ਘਿਓ ਪਾ ਕੇ ਖਾਧਾ ਜਾਂਦਾ। ਹੱਥ ਤੇ ਮੱਕੀ ਦੀ ਰੋਟੀ, ਉੱਪਰ ਸਾਗ ਅਤੇ ਵਿੱਚ ਮੱਖਣ, ਦਾ ਆਪਣਾ ਹੀ ਆਨੰਦ ਹੁੰਦਾ ਸੀ ਅਤੇ ਸਾਰਾ ਟੱਬਰ ਇੱਥੇ ਬੈਠ ਕੇ ਖਾਂਦਾ ਸੀ। ਬੈਠਣ ਲਈ ਲੱਕੜ ਦੀਆਂ ਫੱਟੀਆਂ ਅਤੇ ਪਾਥੀਆਂ ਦੀ ਵਰਤੋਂ ਹੁੰਦੀ ਸੀ।

ਅੱਜ ਬੇਸ਼ੱਕ ਪਿੰਡਾਂ ਦੇ ਗਰੀਬ ਘਰਾਂ 'ਚ ਚੁੱਲ੍ਹਾ ਚੌਂਕਾ ਹੈ ਪਰ ਉਸਦੀ ਉਹ ਸ਼ਾਨ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਤਾਂ ਰੋਟੀ ਦਾ ਫਿਕਰ ਹੈ। ਪਰ ਅੱਜ ਦੀ ਆਧੁਨਿਕਤਾ ਨੇ ਕਈ ਪਾਸਿਆਂ ਤੋਂ ਸਾਡੇ ਮਹਾਨ ਵਿਰਸੇ ਨੂੰ ਅਲੋਪ ਕਰ ਦਿੱਤਾ ਹੈ। ਵੱਡੀਆਂ ਵੱਡੀਆਂ ਕੋਠੀਆਂ ਅਤੇ ਮਕਾਨ ਆਦਿ ਪਿੰਡਾਂ 'ਚ ਪੈ ਗਏ ਹਨ ਅਤੇ ਇਨ੍ਹਾਂ 'ਚ ਅਤਿ-ਮਹਿੰਗੀਆਂ ਖੂਬਸੂਰਤ ਰਸੋਈਆਂ ਬਣ ਗਈਆਂ ਹਨ। ਫਿਰ ਇੱਥੇ ਚੁੱਲ੍ਹੇ ਚੌਂਕੇ ਨੂੰ ਕੌਣ ਪੁੱਛਦਾ ? ਚੁੱਲ੍ਹੇ ਦੀ ਥਾਂ ਗੈਸਾਂ, ਸਟੋਵ, ਹੀਟਰ ਅਤੇ ਹੋਰ ਬਿਜਲਈ ਉਪਕਰਣਾਂ ਨੇ ਲੈ ਲਈ ਹੈ। ਪੁਰਾਣੇ ਪੇਂਡੂ ਲੋਕ ਜਿਥੇ ਵੀ ਮਰਜ਼ੀ ਵੱਸ ਗਏ ਪਰ ਉਨ੍ਹਾਂ ਨੇ ਚੁੱਲ੍ਹੇ ਚੌਂਕੇ ਦਾ ਆਨੰਦ ਜ਼ਰੂਰ ਮਾਣਿਆ ਹੈ। ਇਹ ਲੇਖ ਪੜ੍ਹ ਕੇ ਕਈਆਂ ਦੀਆਂ ਅੱਖਾਂ ਅੱਗੇ ਜ਼ਰੂਰ ਹੀ ਚੁੱਲ੍ਹਾ-ਚੌਂਕਾ, ਕੜਿਆ ਦੁੱਧ, ਸਾਗ ਮੱਕੀ ਦੀ ਰੋਟੀ ਆਦਿ ਘੁੰਮਦਾ ਹੋਵੇਗਾ। ਪਰ ਨਵੀਂ ਪੀੜ੍ਹੀ ; ਇਸ ਬਾਰੇ ਕੀ ਜਾਣੇ ? ਉਨ੍ਹਾਂ ਲਈ ਤਾਂ ਚੁੱਲ੍ਹਾ-ਚੌਂਕਾ ਨਾਂ ਹੀ ਅਜੀਬ ਹੈ। ਬੇਸ਼ੱਕ ਇਹ ਅੱਜ ਸਭ ਕੁਝ ਅਲੋਪ ਹੋ ਗਿਆ ਹੈ ਪਰ ਵਿਰਸੇ ਦੀ ਝਲਕ ਅਜਾਇਬ ਘਰਾਂ, ਪੁਰਾਤਨ ਸਥਾਨਾਂ ਜਾਂ ਮਾਡਰਨ ਹਵੇਲੀਆਂ 'ਚ ਹਾਲੇ ਵੀ ਦੇਖੀ ਜਾ ਸਕਦੀ ਹੈ।

**ਸੰਦੀਪ ਕੰਬੋਜ਼**
ਮੋ. 9859400002



# ਗੱਡਾ ਬਜ਼ੁਰਗਾਂ ਦਾ ਜ਼ਰੂਰੀ ਸੰਦ ਸੀ

ਪੁਰਾਣੇ ਸਮੇਂ ਵਿੱਚ ਆਪਣੇ ਵੱਡ ਵਡੇਰਿਆਂ ਨੂੰ ਕੰਮ ਕਰਨ ਦਾ ਜੇ ਕੋਈ ਕਿਸੇ ਕੰਮ ਵਿੱਚ ਅਧੂਰਾਪਣ ਦੂਰ ਕਰਨ ਲਈ ਚੰਗੇ ਸੁਝਾਅ ਦਿੰਦੇ ਸਨ । ਜੇ ਕੋਈ ਬੇਵੱਸੀ ਹੁੰਦੀ ਤਾਂ ਉਸਦੀ ਸਹਾਇਤਾ ਕਰਨ ਦੀ ਧਾਰ ਲੈਂਦੇ ਸਨ । ਬਜ਼ੁਰਗਾਂ ਕੋਲ ਗੱਡਾ ਲੱਦਣਾ ਪੱਟੀਆਂ ਚਰਨੇ ਬੋਰੇ, ਗੱਡੇ ਦੇ ਪਹੀਏ ਚੋਪਣਨੇ ਆਦਿ ਹੁਨਰ ਹੁੰਦਾ ਸੀ । ਉਹ ਨਵੇਂ ਕਾਮਿਆਂ ਨੂੰ ਇਹ ਬਾਰੇ ਦੱਸਦੇ ਸਨ । ਢੋਆ ਢੁਆਈ ਦਾ ਕੰਮ ਪਹਿਲਾਂ ਊਠਾਂ ਅਤੇ ਖੋਤਿਆਂ ਤੋਂ ਲਿਆ



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਕਰਦੇ ਸਨ । ਇਸ ਤੋਂ ਮਗਰੋਂ ਲੱਕੜ ਦੇ ਪਹੀਏ ਵਾਲੇ ਗੱਡੇ ਬਣ ਗਏ । ਦਾਣੇ ਢੋਣੇ, ਤੂੜੀ ਪਾਉਣੀ ਆਦਿ ਕੰਮ ਇਹਨਾਂ ਗੱਡਿਆਂ ਤੋਂ ਲਿਆ ਜਾਂਦਾ ਸੀ ।

ਕਿਉਂਕਿ ਉਹਨਾਂ ਸਮਿਆਂ ਵਿਚ ਸਾਉਣੀ ਦੀ ਫਸਲ ਘੱਟ ਹੋਇਆ ਕਰਦੀ ਸੀ ਅਤੇ ਹਾੜੀ ਦੇ ਦਾਣਿਆਂ ਪੂਰਾ ਸਾਲ ਲੰਘ ਜਾਂਦਾ ਸੀ । ਹਾੜ੍ਹੀ ਦੀ ਫਸਲ ਦੀ ਢੋਆ ਢੁਆਈ ਗੱਡਿਆਂ ਨਾਲ ਹੀ ਕਰੀ ਜਾਂਦੀ ਸੀ । ਖੇਤਿਆਂ ਨੂੰ ਕਰਾਏ ਤੇ ਲੈ ਕੇ ਦਾਣੇ ਸ਼ਹਿਰ ਜਾਣਾ ਪੈਂਦਾ ਸੀ ਕਈ ਵਾਰ ਫਸਲ ਦੇ ਪੈਸੇ ਘੱਟ ਵੱਟੇ ਜਾਂਦੇ ਸਨ ਤੇ ਕਰਾਇਆ ਵੱਧ ਜਾਂਦਾ ਸੀ । ਕਣਕ ਦੇ ਸੀਜ਼ਨ ਤੋਂ ਪਹਿਲਾਂ ਗੱਡੇ ਦੀ ਤਿਆਰੀ ਕੀਤੀ ਜਾਂਦੀ ਸੀ । ਬਜ਼ੁਰਗ ਆਪ ਹੀ ਕੋਲ ਖੜਕੇ ਗੱਡੇ ਨੂੰ ਗਰੀਸ ਕਰਾਉਂਦੇ ਸਨ । ਉਸ ਸਮੇਂ ਗੱਡੇ ਨੂੰ ਟੇਢਾ ਕਰਕੇ ਪਿੰਜਣੀ ਲਾ ਕੇ ਪਹੀਆ ਉਤਾਰ ਕੇ ਸਰੋਂ ਦਾ ਤੇਲ ਜਾਂ ਘਿਓ ਨਾਲ ਦੋਹਾਂ ਪਹੀਆਂ ਨੂੰ ਤਰ ਕੀਤਾ ਜਾਂਦਾ ਸੀ । ਇਹ ਗੱਡੇ ਗਰੀਸ ਹੋਏ ਕੱਚੇ ਰਾਹਾਂ ਵਿਚ ਬਲਦਾਂ ਨੂੰ ਖਿੱਚਣ ਵਿਚ ਸੌਖ ਹੁੰਦੀ ਸੀ । ਕਈ ਵਾਰ ਕੱਥਾਂ ਦੀ ਬਦਲੀਆਂ ਜਾਂਦੀਆਂ ਸਨ ਕਿਉਂਕਿ ਗੱਡਾ ਡਿੱਕ-ਡੋਲੇ ਖਾਣ ਬਚ ਜਾਂਦਾ ਸੀ । ਕਈ ਵਾਰ ਪਹੀਏ ਅੰਦਰੋਂ ਘਸ ਜਾਂਦੇ ਸਨ । ਤਾਂ ਲੱਕੜ ਦੀ ਬੁੱਜਲੀਆਂ ਠੋਕ ਕੇ ਲਾ ਦਿੱਤੀਆਂ ਜਾਂਦੀਆਂ ਸਨ ਫਿਰ ਲਾਗਾਂ ਢੋਹਣ ਲਈ ਦੂਹਰ ਵਿੱਡ ਲਾਇਆ ਜਾਂਦਾ ਸੀ ਅਤੇ ਅੰਦਰ ਵਾਰ ਵਧੀਆ ਮਜ਼ਬੂਤ ਪੱਟੀਆਂ ਲਾ ਦਿੱਤੀਆਂ ਜਾਂਦੀਆਂ ਸਨ । ਕਿਉਂਕਿ ਦਾਣੇ ਵਿਚੋਂ ਕਿਤੇ ਕਿਰਨ ਨਾ । ਹੋਰ ਬਜ਼ੁਰਗ ਗੱਡੇ ਪੈੜੇ ਪੂਰਾ ਖਿਆਲ ਰੱਖਦੇ ਸਨ ਲਾਂਘਾ ਰੱਸੇ ਤੰਗਲੀ, ਤਰੰਗਲੀ ਬਲਦ ਦੌੜੇ, ਜੋਤਾਂ ਡਹੀਆਂ ਆਦਿ ਦਾ ਪੂਰਾ ਖਿਆਲ ਰੱਖਦੇ ਸਨ ਪਹਿਲੇ ਦਿਨ ਗੱਡਾ ਜੋੜਣ ਤੇ ਗੁੜ ਵੰਡਿਆ ਜਾਂਦਾ ਸੀ । ਫੱਲੜ 'ਤੇ ਗੁੱੜ ਦੀ ਡਲੀ ਧਰ ਕੇ ਪਹਿਲਾਂ ਬੱਲਦਾਂ ਨੂੰ ਚਾਰਿਆ ਜਾਂਦਾ ਸੀ । ਜੋ ਬਲਦ ਤੋਰਦੇ ਤਾਂ ਬਜ਼ੁਰਗ ਮੂੰਹੋਂ ਬੋਲਦੇ ਜਤੀ ਸਤੀ ਸ੍ਰੀ ਚੰਦ ਨੂੰ ਯਾਦ ਕਰਦੇ ਸਨ । ਕਰ ਲਛਮਣ ਜਤੀ ਨੂੰ ਯਾਦ ਕਰ ਵੱਡਿਆਂ ਨੇ ਕਹਿਣਾ ਹਰੇਕ ਘਰ ਗੱਡੇ ਨਹੀਂ ਵਾਹੀ ਲਈ ਇਕੱਲੇ ਬਲਦ ਹੀ ਹੁੰਦੇ ਸਨ ਉਹਨਾਂ ਵੇਲਿਆਂ ਵਿਚ ਵੀੜੀ ਕਰਕੇ ਹੀ ਡੰਗ ਲਾਇਆ ਜਾਂਦਾ ਸੀ ਕਈ ਵਾਰ ਮੰਗਿਆ ਗੱਡਾ ਨਹੀਂ ਸੀ ਮਿਲਦਾ ਸੀ । ਕਈ ਵਾਰ ਕੋਈ ਬਹਾਨਾ ਨਾ ਆਉਂਦਾ ਆਲੇ ਦੁਆਲੇ ਵੇਖ ਕੇ ਆਖ ਦੇਂਦੇ ਬਈ ਗੱਡੇ ਵੱਲੋਂ ਕੋਈ ਜਵਾਬ ਨਹੀਂ ਇਸ ਨਾਲ ਕੱਟਾ ਬੰਨਿਆ ਹੋਇਆ ਹੈ । ਇਹ ਸੁਣਕੇ ਅਗਲੇ ਨੂੰ ਨੂੰ ਸਮਝ ਅਗਲੇ ਨੂੰ ਸਮਝ ਆ ਜਾਂਦੀ ਸੀ ।

ਬਜ਼ੁਰਗ ਇਹ ਵੀ ਦੱਸਦੇ ਸਨ ਕਿ ਹਾਲੀ ਬੋਲ ਗੱਡੇ ਤੇ ਘੱਟ ਹੀ ਜੋੜੇ ਜਾਂਦੇ ਸਨ ਕਿਉਂਕਿ ਉਹਨਾਂ ਨੂੰ ਗੱਡਾ ਖਿੱਚਣ ਦਾ ਘੱਟ ਵੱਲ ਹੁੰਦਾ ਸੀ । ਕਿਉਂਕਿ ਬਲਦ ਦੇ ਗੱਡੇ ਦੇ ਹਲ ਦੇ ਕੰਨੇ ਅੱਡੋ ਅੱਡ ਹੁੰਦੇ ਸਨ ਕਿਉਂਕਿ ਚੜ੍ਹਾਈ ਮੌਕੇ ਬਲਦਾਂ ਨੂੰ ਪੂਰਾ ਜ਼ੋਰ ਲਗਾਉਣਾ ਪੈਂਦਾ ਸੀ । ਕਈ ਵਾਰ ਲਾਗਾਂ ਜ਼ਿਆਦਾ ਲੱਦਿਆ ਹੁੰਦਾ ਸੀ ਤਾਂ ਬਜ਼ੁਰਗ ਤਿੱਖੜੀ ਜੋੜ ਲੈਂਦੇ ਸਨ । ਗੱਡੇ ਦੇ ਅੱਗੇ ਬਲਦ ਜੋੜਣ ਨੂੰ ਪੰਜਾਲਾ ਕਹਿੰਦੇ ਸਨ ਅਤੇ ਗੱਡੇ ਦੇ ਅੱਗੇ ਊਠ ਜੋੜਣ ਨੂੰ ਤਿੱਖੜੀ ਕਹਿੰਦੇ ਸਨ । ਊਠ ਜੋੜਣ ਨੂੰ ਚੰਗਾ ਗਿਣਿਆ ਜਾਂਦਾ ਸੀ । ਕਿਉਂਕਿ ਕੰਨਿਆਂ ਨੂੰ ਉਹ ਦਮ ਦੁਵਾ ਦਿੰਦੇ ਸਨ । ਗੱਡੇ ਨੂੰ ਉਲਾਰ ਤੋਂ ਬਚਾਉਂਦਾ ਸੀ ।

ਜਦ ਬਜ਼ੁਰਗ ਗੱਡੇ ਦੀ ਲੱਦਾਈ ਕਰਦੇ ਤਾਂ ਰਾਹੀ ਖੜੇ ਵੇਖਦੇ ਰਹਿੰਦੇ ਸਨ, ਬਿਲਕੁਲ ਬਰਾਬਰ ਲੱਦਿਆ ਹੁੰਦਾ ਸੀ । ਉਹਨਾਂ ਦੀ ਨਸੀਅਤ ਸੀ ਕਿ ਕੰਮ ਰੀਝ ਨਾਲ ਕਰੋ ਦੂਸਰੇ ਵੇਖਣ ਲਈ ਮਜ਼ਬੂਰ ਹੋ ਜਾਣ । ਉਹਨਾਂ ਦੇ ਦੱਸੇ ਗੁਰ ਸਾਡੇ ਅੱਜ ਵੀ ਕੰਮ ਆਉਂਦੇ ਹਨ । ਅਜ ਤਾਂ ਦੁਨੀਆਂ ਵਿਚ ਤਬਦੀਲੀ ਆ ਗਈ ਅੱਜ ਦੇ ਨੌਜਵਾਨ ਬਜ਼ੁਰਗਾਂ ਦੀ ਗੱਲ ਕੋਈ ਸਲਾਹ ਸੁਣਨ ਨੂੰ ਤਿਆਰ ਨਹੀਂ ਹੈ । ਇਹ ਅਨਮੋਲ ਖਜ਼ਾਨਾ ਦਿਨੋ ਦਿਨ ਰੁਖਸਤ ਹੋ ਰਿਹਾ ਹੈ (ਚਿੰਤਾ ਕਰੋ) ।



# ਫਲਾਂ ਦੀ ਪੌਸ਼ਟਿਕ ਬਗੀਚੀ

ਸਾਡੀ ਪੰਜਾਬੀ ਪਰੰਪਰਾ ਵਿਚ 'ਕਿਰਤ ਅਤੇ ਕਿਰਸ' ਨੂੰ ਸਾਂਝੇ ਉਪਦੇਸ਼ ਵਜੋਂ ਜੋੜਿਆ ਗਿਆ ਹੈ । ਹਾਲਾਂਕਿ, ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਸਾਡੇ ਨੌਜਵਾਨ ਇਨ੍ਹਾਂ ਆਦਰਸ਼ਾਂ ਬਾਰੇ ਘੱਟ ਜਾਗਰੂਕ ਹਨ । ਪੀ. ਏ. ਯੂ. ਲੁਧਿਆਣਾ ਲੰਮੇ ਸਮੇਂ ਤੋਂ ਇਨ੍ਹਾਂ ਬਾਰੇ ਜਾਣੂ ਕਰਾ ਰਹੀ ਹੈ । ਇਨ੍ਹਾਂ ਸਿੱਖਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ, ਬਾਗਬਾਨੀ ਮਾਹਿਰ ਸੂਬੇ ਦੇ ਕਿਸਾਨੀ ਭਾਈਚਾਰੇ ਨੂੰ ਫਲਾਂ ਦੀ ਪੌਸ਼ਟਿਕ ਬਗੀਚੀ ਲਗਾਉਣ ਲਈ ਉਤਸ਼ਾਹਿਤ ਕਰ ਰਹੇ ਹਨ ।

ਫਲਾਂ ਦੀ ਪੌਸ਼ਟਿਕ ਬਗੀਚੀ ਨਾ ਸਿਰਫ ਪਰਿਵਾਰ ਦੇ ਪੋਸ਼ਣ ਨੂੰ ਯਕੀਨੀ ਬਣਾਉਂਦੀ ਹੈ, ਸਗੋਂ ਪਰਿਵਾਰ ਦੀ ਮਿਹਨਤ, ਜ਼ਮੀਨ ਅਤੇ ਵਿਹਲੇ ਸਮੇਂ ਦੀ ਸਹੀ ਵਰਤੋਂ ਕਰਨ ਵਿਚ ਸਹਾਈ ਹੁੰਦੀ ਹੈ । ਫਲ ਸਾਨੂੰ ਬਹੁਤ ਸਾਰੀਆਂ ਬੀਮਾਰੀਆਂ ਜਿਵੇਂ ਕਿ ਸ਼ੂਗਰ, ਦਿਲ ਤੇ ਰੋਗ, ਹਾਈ ਬਲੱਡ ਪ੍ਰੈਸ਼ਰ, ਕੋਲੈਸਟ੍ਰੋਲ ਅਤੇ ਕੈਂਸਰ ਆਦਿ ਤੋਂ ਬਚਾਉਂਦੇ ਹਨ ।

**ਪੌਸ਼ਟਿਕ ਬਗੀਚੀ ਦੀ ਵਿਉਂਤਬੰਦੀ** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ 625 ਵਰਗ ਮੀਟਰ ਜਾਂ 25 ਮੀਟਰ ਦੀ ਲੰਬਾਈ ਅਤੇ 25 ਮੀਟਰ ਦੀ ਚੌੜਾਈ ਵਾਲੇ ਮਾਡਲ 'ਫਲ ਪੌਸ਼ਟਿਕ ਬਗੀਚੀ' ਦੀ ਸਿਫਾਰਸ਼ ਕਰਦੀ ਹੈ । ਇਸ ਬਗੀਚੀ ਵਿਚ 21 ਕਿਸਮਾਂ ਦੇ ਫਲਦਾਰ ਬੂਟੇ ਲਗਾਏ ਜਾ ਸਕਦੇ ਹਨ । ਫਲਾਂ ਦੀ ਸਹੀ ਕਿਸਮ ਦੀ ਚੋਣ, ਸਮਾਂ, ਸਰੋਤ ਅਤੇ ਬੂਟਿਆਂ ਵਿਚਕਾਰ ਬਹੁਤ ਧਿਆਨ ਨਾਲ ਕਰਨੀ ਚਾਹੀਦੀ ਹੈ, ਕਿਉਂਕਿ ਫਲਦਾਰ ਬੂਟੇ ਸਾਲਾਂ ਬੱਧੀ ਫਲ ਦਿੰਦੇ ਹਨ । ਅੰਬ, ਜਾਮਣ, ਚੀਕੂ, ਲੌਕਾਠ ਅਤੇ ਅੰਜ਼ੀਰ ਵਰਗੇ ਫਲਾਂ ਦੇ ਬੂਟੇ ਖਾਸ ਤੌਰ 'ਤੇ ਬਾਗ ਦੇ ਉੱਤਰ ਵਾਲੇ ਪਾਸੇ ਲਗਾਉਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਰੁੱਖਾਂ ਦੀ ਛਾਂ ਦਾ ਅਸਰ ਦੂਸਰੇ ਬੂਟਿਆਂ ਤੇ ਨਾ ਹੋਵੇ ।

ਇਸ ਬਗੀਚੀ ਦੇ ਵਿਚਕਾਰ ਛੋਟੇ ਫਲਾਂ ਦੇ ਰੁੱਖ ਲਗਾਏ ਜਾ ਸਕਦੇ ਹਨ, ਜਿਵੇਂ ਕਿ ਨਿੰਬੂ ਜਾਂ ਅਮਰੂਦ । ਦੱਖਣ-ਪੱਛਮ ਵਾਲੇ ਪਾਸੇ, ਪਤਝੜ ਵਾਲੇ ਰੁੱਖ ਲਗਾਉਣੇ ਚਾਹੀਦੇ ਹਨ, ਜਿਵੇਂ ਕਿ ਅਨਾਜ, ਨਾਸ਼ਪਾਤੀ, ਆਲੂ ਅਤੇ ਅਲੂਚਾ । ਦੱਖਣ ਵਿਚ, ਕੋਰੇ ਪ੍ਰਤੀ ਸੰਵੇਦਨਸ਼ੀਲ ਫਲਾਂ ਦੇ ਬੂਟੇ ਜਿਵੇਂ ਕਿ ਪਪੀਤਾ ਅਤੇ ਕੇਲੇ ਦੀ ਸਾਵਧਾਨੀ ਨਾਲ ਕਾਸ਼ਤ ਕੀਤੀ ਜਾ ਸਕਦੀ ਹੈ । ਬਾਗ ਦੇ ਪੂਰਬ ਵਾਲੇ ਪਾਸੇ, ਅੰਗੂਰਾਂ ਦੀਆਂ ਵੇਲਾਂ ਨੂੰ ਟ੍ਰੇਲਿਸ ਸਿਸਟਮ ਹੇਠ ਲਗਾਇਆ ਜਾ ਸਕਦਾ ਹੈ । ਉੱਤਰ ਵਾਲੇ ਪਾਸੇ, ਮਿੱਠੇ ਦੇ ਬੂਟਿਆਂ ਨੂੰ ਹਵਾ ਰੋਕੂ ਵਾੜ ਵਜੋਂ ਲਗਾਇਆ ਜਾ ਸਕਦਾ ਹੈ ਅਤੇ ਪੱਛਮ ਵਾਲੇ ਪਾਸੇ, ਕਰੌਂਦਾ ਅਤੇ ਫਾਲਸਾ ਲਗਾਉਣਾ ਚਾਹੀਦਾ ਹੈ ।

**ਲਗਾਉਣ ਦਾ ਸਮਾਂ ਅਤੇ ਤਕਨੀਕ** : ਅੰਬ, ਜਾਮਣ, ਨਿੰਬੂ ਅਤੇ ਲੌਕਾਠ ਵਰਗੇ ਸਦਾਬਹਾਰ ਫਲਦਾਰ ਬੂਟਿਆਂ ਦੀ ਲੁਆਈ ਫਰਵਰੀ ਤੋਂ ਮਾਰਚ ਜਾਂ ਸਤੰਬਰ ਤੋਂ ਅਕਤੂਬਰ ਦੌਰਾਨ ਕਰਨੀ ਚਾਹੀਦੀ ਹੈ । ਪਤਝੜੀ ਫਲਦਾਰ ਬੂਟੇ ਜਿਵੇਂ ਆੜੂ, ਨਾਸ਼ਪਾਤੀ, ਬਿਲ, ਅੰਗੂਰ ਅਤੇ ਅਨਾਰ ਲਗਾਉਣ ਦਾ ਸਭ ਤੋਂ ਵਧੀਆ ਸਮਾਂ ਜਨਵਰੀ ਅਤੇ ਫਰਵਰੀ ਹੈ । ਜ਼ਿਆਦਾਤਰ ਫਲਦਾਰ ਬੂਟਿਆਂ ਲਈ 1 ਮੀਟਰ ਡੂੰਘੇ ਅਤੇ 1 ਮੀਟਰ ਚੌੜੇ ਟੋਏ ਪੁੱਟਣੇ ਚਾਹੀਦੇ ਹਨ । ਘੱਟ ਡੂੰਘੀਆਂ ਜੜ੍ਹਾਂ ਵਾਲੇ ਬੂਟੇ ਜਿਵੇਂ ਕੇਲੇ ਅਤੇ ਪਪੀਤੇ, ਲਈ ਅੱਧਾ ਮੀਟਰ ਚੌੜਾ ਗੋਲ ਟੋਆ ਕਾਫੀ ਹੈ । ਟੋਏ ਨੂੰ ਚੰਗੀ ਤਰ੍ਹਾਂ ਗਲੀ ਹੋਈ ਦੇਸੀ ਰੂੜੀ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਮਿੱਟੀ ਨਾਲ ਦੁਬਾਰਾ ਭਰੋ ।

**ਬੂਟਿਆਂ ਦੀ ਸ਼ੁਰੂਆਤੀ ਸੰਭਾਲ** : ਬੂਟੇ ਲਗਾਉਣ ਤੋਂ ਬਾਅਦ ਬੂਟਿਆਂ ਦੇ ਸਿੱਧੇ ਵਧੇ ਲਈ ਸੋਟੀ ਦਾ ਸਹਾਰਾ ਦੇਣਾ ਚਾਹੀਦਾ ਹੈ । ਪਿਉਂਦੀ ਜੋੜ ਤੋਂ ਹੇਠਾਂ ਹੋਣ ਵਾਲੇ ਵਾਧੇ ਨੂੰ ਨਿਯਮਿਤ ਤੌਰ 'ਤੇ ਤੋੜਦੇ ਰਹਿਣਾ ਚਾਹੀਦਾ ਹੈ । ਉੱਚ-ਗੁਣਵੱਤਾ ਵਾਲੇ ਫਲ ਪੈਦਾ ਕਰਨ ਅਤੇ ਵੱਧ ਤੋਂ ਵੱਧ ਝਾੜ ਲੈਣ ਲਈ ਬੂਟਿਆਂ ਦੀ ਕਾਂਟ-ਛਾਂਟ ਜ਼ਰੂਰ ਕਰਨੀ ਚਾਹੀਦੀ ਹੈ । ਸਦਾਬਹਾਰ ਫਲਦਾਰ ਬੂਟਿਆਂ ਲਈ ਆਮ ਤੌਰ 'ਤੇ ਘੱਟ ਕਾਂਟ-ਛਾਂਟ ਦੀ ਲੋੜ ਹੁੰਦੀ ਹੈ ਅਤੇ ਸੁੱਕੀਆਂ, ਬੀਮਾਰ ਜਾਂ ਆਪਸ ਵਿਚ ਫਸਦੀਆਂ ਟਾਹਣੀਆਂ ਨੂੰ ਹੀ ਕੱਟਣਾ ਚਾਹੀਦਾ ਹੈ । ਹਾਲਾਂਕਿ, ਪੱਤਝੜੀ ਫਲਦਾਰ ਬੂਟੇ ਜਿਵੇਂ ਕਿ ਆੜੂ, ਬੇਰ, ਅਨਾਜ ਅਤੇ ਫਾਲਸਾ ਵਿਚ ਹਰ ਸਾਲ ਕਾਂਟ-ਛਾਂਟ ਕਰਨੀ ਚਾਹੀਦੀ ਹੈ । ਬੇਰ ਦੀ ਕਾਂਟ-ਛਾਂਟ ਮਈ ਦੇ ਦੂਜੇ ਪੰਦਰਵਾੜੇ ਵਿਚ ਕਰਨੀ ਚਾਹੀਦੀ ਹੈ । ਬੂਟਿਆਂ ਦੇ ਸਹੀ ਢੰਗ ਨਾਲ ਵਧਣ ਲਈ ਗਰਮੀਆਂ ਵਿਚ ਹਫਤਾਵਾਰੀ ਅਤੇ ਸਰਦੀਆਂ ਵਿਚ ਹਰ 15 ਦਿਨਾਂ ਵਿਚ ਪਾਣੀ ਲਗਾਉਣਾ ਚਾਹੀਦਾ ਹੈ ।

ਸਰਦੀਆਂ ਵਿਚ ਪਤਝੜੀ ਫਲਦਾਰ ਬੂਟਿਆਂ ਨੂੰ ਪਾਣੀ ਦੇਣ ਦੀ ਜ਼ਰੂਰਤ ਨਹੀਂ ਹੁੰਦੀ ਹੈ । ਸਰਦੀਆਂ ਵਿਚ ਫਲਦਾਰ ਬੂਟਿਆਂ ਨੂੰ ਠੰਡ ਤੋਂ ਬਚਾਉਣ ਲਈ ਪੌਲੀਥੀਨ ਦੀ ਸ਼ੀਟ ਜਾਂ ਝੋਨੇ ਦੀ ਪਰਾਲੀ ਨਾਲ ਢੱਕਣਾ ਚਾਹੀਦਾ ਹੈ । ਕੋਰਾ ਪੈਣ ਦੀ ਸੰਭਾਵਨਾ ਹੋਣ 'ਤੇ ਬਾਗ ਵਿਚ ਪਾਣੀ ਲਗਾ ਦੇਣਾ ਚਾਹੀਦਾ ਹੈ । ਗਰਮੀਆਂ ਵਿਚ ਬੂਟਿਆਂ ਨੂੰ ਬਚਾਉਣ ਲਈ ਮੁੱਖ ਤਣੇ ਨੂੰ ਸਫੈਦੀ ਕਰਨੀ ਚਾਹੀਦੀ ਹੈ ਜਿਸ ਲਈ ਦਸ ਲੀਟਰ ਪਾਣੀ ਵਿਚ 2.5 ਕਿਲੋ ਚੂਨਾ, 50 ਗ੍ਰਾਮ ਕਾਪਰ ਸਲਫੇਟ ਅਤੇ 50 ਗ੍ਰਾਮ ਸ਼ੁਰੇਸ਼ ਨੂੰ ਮਿਲਾ ਕੇ ਸਫੈਦੀ ਘੋਲ ਤਿਆਰ ਕੀਤਾ ਜਾਂਦਾ ਹੈ । ਫਲਦਾਰ ਬੂਟਿਆਂ ਨੂੰ ਸਿਰਫ ਪਾਣੀ ਦੇ ਛਿੜਕਾਅ ਨਾਲ ਸੂਰਜ ਦੇ ਨੁਕਸਾਨ ਤੋਂ ਵੀ ਬਚਾਇਆ ਜਾ ਸਕਦਾ ਹੈ । ਆਮ ਤੌਰ ਤੇ ਫਲਦਾਰ ਬੂਟਿਆਂ ਨੂੰ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਦੀ ਖਾਦ ਦਸੰਬਰ ਵਿਚ ਪਾਉਣੀ ਚਾਹੀਦੀ ਹੈ । ਪਰ ਬੇਰ ਅਤੇ ਅਮਰੂਦ ਨੂੰ ਇਹ ਦੇਸੀ ਖਾਦ ਮਈ ਜਾਂ ਜੂਨ ਵਿਚ ਪਾਉਣੀ ਚਾਹੀਦੀ ਹੈ । ਜ਼ਿਆਦਾਤਰ ਫਲਾਂ ਵਾਲੇ ਬੂਟਿਆਂ ਲਈ, ਨਾਈਟ੍ਰੋਜਨ ਖਾਦ ਦੋ ਹਿੱਸਿਆਂ ਵਿਚ ਪਾਈ ਜਾਂਦੀ ਹੈ । ਇਕ ਹਿੱਸਾ ਫੁੱਲ ਆਉਣ ਤੋਂ ਪਹਿਲਾਂ ਅਤੇ ਦੂਜਾ ਹਿੱਸਾ ਫਲ ਆਉਣ ਤੋਂ ਬਾਅਦ ਪਾਇਆ ਜਾਂਦਾ ਹੈ । ਖਾਦ ਨੂੰ ਬੂਟਿਆਂ ਦੇ ਤਣੇ ਤੋਂ ਲਗਭਗ 1 ਫੁੱਟ ਦੀ ਦੂਰੀ 'ਤੇ ਪਾਇਆ ਜਾਣਾ ਚਾਹੀਦਾ ਹੈ ।

**ਕੀੜੇ ਅਤੇ ਬੀਮਾਰੀਆਂ ਦੀ ਰੋਕਥਾਮ** : ਫਲ ਪੌਸ਼ਟਿਕ ਬਗੀਚੀ ਵਿਚ ਕੀਟਨਾਸ਼ਕਾਂ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ । ਬਰਸਾਤਾਂ ਵਿਚ ਫਲਦਾਰ ਬੂਟਿਆਂ ਨੂੰ ਬਚਾਉਣ ਲਈ ਬੋਰਡੋ ਮਿਸ਼ਰਣ ਦਾ ਛਿੜਕਾਅ ਕਰਨਾ ਚਾਹੀਦਾ ਹੈ, ਜਿਸ ਨੂੰ 2 ਕਿਲੋ ਕਾਪਰ ਸਲਫੇਟ ਅਤੇ 2 ਕਿਲੋ ਅਣਬੁਝਿਆ ਚੂਨਾ 250 ਲੀਟਰ ਪਾਣੀ ਵਿਚ ਘੋਲ ਕੇ ਬਣਾਇਆ ਜਾਂਦਾ ਹੈ । ਨਿੰਮ ਦੇਪੱਤਿਆਂ ਅਤੇ ਨਿੰਮੋਲੀਆਂ ਦੀ ਵਰਤੋਂ ਕਰਕੇ ਵੀ ਕੀੜੇ-ਮਕੌੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

**ਕਿਰਨਦੀਪ ਕੌਰ ਅਤੇ ਗੁਰਤੇਗ ਸਿੰਘ**

# ਮਸ਼ੀਨੀ ਯੁੱਗ ਨੇ ਖਤਮ ਕੀਤਾ ਕਿਰਤ ਸੱਭਿਆਚਾਰ

ਜ਼ਿਆਦਾ ਸਮਾਂ ਨਹੀਂ ਹੋਇਆ । ਬਹੁਤੀ ਖੇਤੀ ਮੀਹਾਂ 'ਤੇ ਨਿਰਭਰ ਕਰਦੀ ਸੀ । ਖੂਹ ਜੋਤਣ ਲਈ ਵਾਰੀਆਂ ਲਗਦੀਆਂ ਸਨ । ਖੂਹ ਰਾਤ-ਦਿਨ ਵਗਦੇ ਸਨ । ਬਲਦਾਂ ਦੀਆਂ ਟੱਲੀਆਂ, ਕੁੱਤੇ ਦੀ ਟਿਕ-ਟਿਕ, ਸੁੱਕੇ ਗਿੜਦੇ ਢੋਲ-ਝਵੱਕਲੀਆਂ ਅਤੇ ਬੈੜਾਂ ਦੀ ਚੀਂ-ਚੀਂ ਵਾਤਾਵਰਣ ਵਿੱਚ ਸੰਗੀਤਕ ਰਸ ਘੋਲਦੀ ਸੀ । ਖੂਹਾਂ 'ਤੇ ਪਾਣੀ ਭਰਦੀਆਂ ਅਤੇ ਕੱਪੜੇ ਧੋਂਦੀਆਂ ਮੁਟਿਆਰਾਂ ਦੇ ਹਾਸਿਆਂ ਦੀ ਛਣਕਾਰ, ਪਾਣੀ ਭਰਨ ਬਹਾਨੇ ਸੱਜਣਾ ਨਾਲ ਅੱਖ ਮਟੱਕਾ, ਮੇਲ-ਮਿਲਾਪ, ਕਿਸੇ ਰਾਹੀ ਵੱਲੋਂ ਖੂਹ ਤੋਂ ਪਾਣੀ ਭਰਦੀ ਮੁਟਿਆਰ ਕੋਲੋਂ ਪਾਣੀ ਦੀ ਮੰਗ, ਖੂਹਾਂ ਲਾਗੇ ਬੋਹੜਾਂ-ਪਿੱਪਲਾਂ ਦੀ ਠੰਢੀ ਛਾਵੇਂ ਤਾਸ਼ਾਂ ਦੀਆਂ ਢਾਣੀਆਂ, ਗੁਰ ਸਾਖੀਆਂ ਸੁਣਦੇ ਨਿਆਣੇ-ਸਿਆਣੇ ਨੇ ਇਕ ਤਰ੍ਹਾਂ ਮੇਲੇ ਵਰਗਾ ਮਾਹੌਲ ਸਿਰਜਿਆ ਹੁੰਦਾ ਸੀ ।

ਮਨੁੱਖ ਨੇ ਕਿਰਤ ਸੱਭਿਆਚਾਰ ਨਾਲ ਜੁੜ ਕੇ ਹੀ ਤਰੱਕੀ ਦੀਆਂ ਬੁਲੰਦੀਆਂ ਸਰ ਕੀਤੀਆਂ ਹਨ । ਮਨੁੱਖੀ ਸੂਝ ਸਦਕਾ ਸਾਹਿਤ ਹੋਂਦ ਵਿੱਚ ਆਇਆ । ਕਿਰਤ, ਮਨੁੱਖੀ ਸੂਹਜ ਅਤੇ ਸਾਹਿਤ ਦਾ ਨਹੁੰ-ਮਾਸ ਦਾ ਰਿਸ਼ਤਾ ਕਿਹਾ ਜਾ ਸਕਦਾ ਹੈ । ਤਬਦੀਲੀ ਕੁਦਰਤ ਦਾ ਨੇਮ ਹੈ । ਜਿਵੇਂ-ਜਿਵੇਂ ਸਮਾਜਿਕ ਤਬਦੀਲੀ ਆਉਂਦੀ ਹੈ, ਉਵੇਂ ਹੀ ਹਰ ਪਾਸੇ ਬਦਲਾਅ ਹੁੰਦਾ ਹੈ । ਵਾਰਸ ਸ਼ਾਹ ਦੀ ਸ਼ਾਹਕਾਰ ਰਚਨਾਂ 'ਹੀਰ' ਚ ਹਰੇਕ ਸਮਾਜਿਕ ਵਿਸ਼ੇ ਨੂੰ ਰਚਨਾਕਾਰ ਨੇ ਬਹੁਤ ਹੀ ਬਾਰੀਕਬੀਨੀ ਨਾਲ ਬਿਆਨ ਕੀਤਾ ਹੈ । ਇਸ ਲੇਖ ਲਈ ਕਿਰਤ ਨਾਲ ਜੁੜਦੀਆਂ ਦੋ ਹੀ ਲਾਈਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ :

ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ
ਪਈਆਂ ਚਾਟੀਆਂ ਵਿੱਚ ਮਧਾਣੀਆਂ ਨੀ ।
ਘਰ ਬਾਰਨਾ ਚੱਕੀਆਂ ਝੋਤੀਆਂ ਨੀ
ਜਿਨ੍ਹਾਂ ਤਾਉਣਾ ਗੁੰਨ੍ਹ ਪਕਾਉਣੀਆਂ ਨੀ ।

ਭਾਵ ਸਾਜਰੇ ਉੱਠ ਕੇ ਹਰੇਕ ਹੀ ਆਪਣੇ ਕੰਮ ਨਾਲ ਜੁੜ ਜਾਂਦਾ ਸੀ । ਪੁਰਾਣੇ ਸਮੇਂ 'ਚ ਸਾਰੇ ਹੀ ਘਰੇਲੂ ਕੰਮ ਹੱਥੀਂ ਕਰਨੇ ਪੈਂਦੇ ਸਨ । ਯਾਤਰਾ 'ਤੇ ਪੈਦਲ ਤੁਰ ਕੇ ਜਾਇਆ ਜਾਂਦਾ ਸੀ । ਜੇ ਕਿਸਾਨ ਤੜਕੇ ਉੱਠ ਕੇ ਹਲ ਜੋੜ ਕੇ ਖੇਤਾਂ 'ਚ




ਤੁਰ ਜਾਂਦਾ ਸੀ ਤਾਂ ਸੁਆਣੀਆਂ ਵੀ ਉੱਠ ਕੇ ਆਪਣੇ ਕੰਮ ਧੰਦੇ ਲੱਗ ਜਾਂਦੀਆਂ ਸਨ । ਕਿਰਤ ਸੱਭਿਆਚਾਰ ਦੇ ਨਾਲ-ਨਾਲ ਹੀ ਸਾਹਿਤ ਤੁਰਦਾ ਹੈ । ਹਰ ਮਨੁੱਖੀ ਸੂਹਜ ਅਤੇ ਕਿਰਤ ਦੀ ਗੱਲ ਸਾਹਿਤ ਵਿੱਚ ਕਹਾਵਤਾਂ, ਮੁਹਾਵਰੇ ਅਤੇ ਲੋਕ ਗੀਤਾਂ 'ਚ ਕੀਤੀ ਗਈ ਹੈ, ਜਦੋਂ ਕੋਈ ਧੀ ਮੋਹਲੇ ਨਾਲ ਝੋਨਾ ਛੜਦਿਆਂ ਥਕਾਵਟ ਮਹਿਸੂਸ ਕਰਦਿਆਂ ਆਖਦੀ ਸੀ, 'ਹਾਏ ਮਾਂ ਨੀ ਮੈਂ ਥੱਕੀ' ਤਾਂ ਮਾਂ ਦਾ ਜਵਾਬ ਹੁੰਦਾ ਸੀ, 'ਧੀਏ ਛੱਡ ਮੋਹਲਾ ਤੇ ਝੋਅ ਚੱਕੀ ।' ਜਿੰਨ੍ਹਾ ਦੀ ਖਾਣਾ ਹੁੰਦਾ, ਉੱਖਲੀ ਵਿੱਚ ਮੋਹਲੇ ਨਾਲ ਛੜਿਆ ਜਾਂਦਾ ਅਤੇ ਹੱਥ ਚੱਕੀ ਨਾਲ ਪੀਸਿਆ ਜਾਂਦਾ ਸੀ । ਸ਼ਾਇਦ ਤਾਂ ਹੀ ਇਹ ਮੁਹਾਵਰਾ ਹੋਂਦ ਵਿੱਚ ਆਇਆ ਹੋਵੇਗਾ, 'ਉੱਖਲੀ ਵਿੱਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ' । ਹੁਣ ਝੋਨਾ ਸ਼ੈਲਰਾਂ 'ਤੇ ਛੜੀਦਾ ਹੈ ਅਤੇ ਆਟਾ ਬਿਜਲਈ ਮਸ਼ੀਨਾਂ ਜਾਂ ਫਲੋਰ ਮਿੱਲਾਂ 'ਚ ਪੀਸਿਆ ਜਾਂਦਾ ਹੈ । ਚੱਕੀਆਂ, ਉੱਖਲੀਆਂ ਅਤੇ ਘਰਾਟ ਬੀਤੇ ਸਮੇਂ ਦੀ ਗੱਲ ਹੋ ਗਏ ਹਨ ।

ਥੋੜ੍ਹੀ ਤਰੱਕੀ ਹੋਈ ਤਾਂ ਔਰਤਾਂ ਰਾਜਨੀਤੀ ਵਿੱਚ ਵੀ ਆਪਣੀ ਹਾਜ਼ਰੀ ਲਗਵਾਉਣ ਲੱਗੀਆਂ । ਕਿਧਰੇ-ਕਿਧਰੇ ਮਿੱਟੀ ਦੇ ਤੇਲ ਨਾਲ ਚੱਲ੍ਹਣ ਵਾਲੇ ਸਟੋਵ, ਪਿੰਡਾਂ ਵਿੱਚ ਇੰਜਣਾਂ 'ਤੇ ਚੱਲਣ ਵਾਲੀਆਂ ਚੱਕੀਆਂ ਚੱਲ ਪਈਆਂ, ਉਸ ਵੇਲੇ ਤੀਵੀਆਂ ਦੀ ਚੜ੍ਹਤ ਨੂੰ ਇੰਝ ਬਿਆਨ ਕੀਤਾ ਗਿਆ, 'ਚੱਕੀ ਛੁੱਟ ਕਈ ਚੁੱਲ੍ਹੇ ਨੇ ਛੁੱਟ ਜਾਣਾ, ਬਈ ਤੀਵੀਆਂ ਦਾ ਰਾਜ ਆ ਗਿਆ' । ਜਾਂ 'ਦਾਣੇ ਚੁੱਕ ਕੇ ਘਰਾਟ ਉੱਤੇ ਲੈ ਜਾ, ਚੱਕੀ ਤੋੜ ਕਰਾਂ ਡੱਕਰੇ ।' ਤੀਵੀਆਂ ਦਾ ਰਾਜ ਹੋਵੇ ਤੇ ਤੀਵੀਂ ਧੌਂਸ ਨਾ ਦੇਵੇ ਇਹ ਕਿਵੇਂ ਹੋ ਸਕਦਾ ਹੈ ? 'ਸਾਡਾ ਖੌਸੜਾ ਚੱਕੀ ਨੂੰ ਹੱਥ ਲਾਉਂਦਾ ਵੇ ਦਰ 'ਤੇ ਮਸ਼ੀਨ ਚੱਲਦੀ ।' ਤੜਕੇ ਉੱਠ ਕੇ ਹਲ ਵਾਹੁੰਦਿਆਂ ਕਿਸਾਨ ਥੱਕ-ਟੁੱਟ ਕੇ ਚੂਰ ਹੋ ਜਾਂਦਾ ਸੀ । ਉਸ ਤੋਂ ਬਾਅਦ ਪਸ਼ੂਆਂ ਲਈ ਪੱਠੇ ਵੱਢਣੇ ਅਤੇ ਫਿਰ ਹੱਥ ਵਾਲੇ ਗੰਡਾਸੇ ਨਾਲ ਕੁਤਰ ਕੇ ਪਾਉਣੇ ਸਭ ਤੋਂ ਔਖਾ ਕੰਮ ਹੁੰਦਾ ਸੀ । ਕਿਸਾਨ ਦੀ ਅਜਿਹੀ ਹਾਲਤ ਨੂੰ ਕਿਸੇ ਨੇ ਇੰਜ ਕਲਮਬੱਧ ਕੀਤਾ ਹੈ, 'ਹਲ ਵਾਹ ਪੱਠਿਆਂ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ ।'

ਸਮਾਂ ਕੋਈ ਵੀ ਹੋਵੇ, ਮਰਦ ਅਤੇ ਔਰਤ ਨੂੰ ਇੱਕ ਦੂਜੇ ਨਾਲੋਂ ਘਟਾ ਕੇ ਕਿਵੇਂ ਵੀ ਨਹੀਂ ਵੇਖਿਆ ਜਾ ਸਕਦਾ । ਪਹਿਲਾਂ ਵੀ ਅਤੇ ਹੁਣ ਵੀ ਔਰਤ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਵਿਚਰਦੀ ਰਹੀ ਹੈ । ਖੇਤੀਂ ਗਏ ਕਿਸਾਨ ਦਾ ਜੱਟੀ ਨੂੰ ਖਿਆਲ ਰਹਿੰਦਾ ਸੀ । ਉਹ ਘਰ ਦੇ ਸਾਰੇ ਕੰਮ-ਕਾਰ ਖਤਮ ਕਰਕੇ ਪਤੀ ਲਈ ਛਾਹ ਵੇਲਾ ਅਤੇ ਬਲਦਾਂ ਵਾਸਤੇ ਦਲ ਆਦਿ ਮਲ ਕੇ ਬੜੇ ਮਾਣ ਮਟਕ ਨਾਲ ਤੁਰੀ ਜਾਂਦੀ ਦੀ ਤਸਵੀਰ ਆਪ ਮੁਹਾਰੇ ਖਿੱਚੀ ਜਾਂਦੀ, 'ਜੱਟੀ ਪੰਦਰਾਂ ਮੁਰੱਬਿਆਂ ਵਾਲੀ, ਭੱਤਾ ਲੈ ਕੇ ਖੇਤ ਨੂੰ ਚੱਲੀ ।' ਮਰਦ ਸਾਥੀ ਨੂੰ ਹੋਰ ਹੱਲਾਸ਼ੇਰੀ ਅਤੇ ਬਰਾਬਰ ਕੰਮ ਕਰਨ ਨੂੰ ਲਲਕਾਰਦੀ ਹੋਈ ਉਹ ਇੰਜ ਵੀ ਆਖਦੀ, 'ਹਾੜੀ ਵੱਢੂੰਗੀ ਬਰਾਬਰ ਤੇਰੇ ਵੇ ਦਾਤੀ ਨੂੰ ਲਵਾ ਦੇ ਘੁੰਗਰੂ' ਜਾਂ 'ਉੱਥੇ ਲੈ ਚੱਲ ਚਰਖਾ ਮੇਰਾ ਵੇ ਜਿੱਥੇ ਤੇਰੇ ਹਲ ਵਗਦੇ ।' ਸੰਚਾਰ ਸਾਧਨਾਂ 'ਚ ਤਬਦੀਲੀ ਆਈ ਅਤੇ ਟਾਂਵੇਂ-ਟੱਲੇ ਟੈਲੀਫੋਨ ਲੱਗ ਗਏ । ਫਿਰ ਗਰਮੀ ਤੋਂ ਦੁੱਖੀ ਹੋਈ ਨੇ ਇੰਝ ਵੀ ਆਖਿਆ, 'ਸਿਖਰ ਦੁਪਹਿਰੇ ਚੰਨਾ ਧੁੱਪੇ ਗੇੜੇ ਮਾਰਦੀ ਦਾ ਜਾਵੇ ਸੁੱਕਦਾ ਸਰੀਰ ਵਿੱਚੋਂ ਖੂਨ ਹਾਣੀਆ, ਵੇ ਖੇਤੋਂ ਘਰ ਨੂੰ ਲਵਾ ਦੇ ਟੈਲੀਫੋਨ ਹਾਣੀਆ ।' ਜੇ ਪੰਜ ਕੁ ਦਹਾਕੇ ਪਿਛਲ ਝਾਤ ਪਾ ਕੇ ਹੱਥੀਂ ਕਿਰਤ ਕਿੰਝ ਹੁੰਦੀ ਸੀ, ਦੇ ਬਾਰੇ ਅਜੋਕੀ ਡਿਜ਼ੀਟਲ ਪੀੜ੍ਹੀ ਨੂੰ ਦੱਸਿਆ ਜਾਵੇ ਤਾਂ ਉਹ ਯਕੀਨ ਨਹੀਂ ਕਰਦੀ । ਕਿਸਾਨ ਜਦੋਂ ਪੈਲੀ ਵਾਹ ਬਣਾ ਕੇ ਬੀਜਣ ਲਈ ਬੀਜ ਦਾ ਛੱਟਾ ਦਿੰਦਾ ਸੀ ਤਾਂ 'ਨਗਰ ਖੇੜੇ ਦੇ ਭਾਗੀਂ, ਚਿੜੀ ਜਨੌਰ ਕੇ ਭਾਗੀਂ' ਕਹਿ ਕੇ ਹਰੇਕ ਨਾਲ ਕਿਰਤ ਦੀ ਸਾਂਝ ਪਾਉਂਦਾ ਸੀ । ਬਾਬਾ ਨਾਨਕ ਨੇ ਵੀ ਕਿਰਤ ਕਰੋ ਅਤੇ ਵੰਡ ਕੇ ਛਕਣ ਦੀ ਗੱਲ ਕੀਤੀ ਹੈ । ਕਿਸਾਨ ਭੱਤਾ ਲੈ ਕੇ ਆਈ ਸੁਆਣੀ ਤੋਂ ਆਪਣੇ ਨਾਲੋਂ ਪਹਿਲਾਂ ਬਲਦਾਂ ਦੇ ਖਾਣੇ ਲਈ ਪੁੱਛਦਾ ਸੀ । ਖੇਤੀਂ ਹੱਥੀਂ ਵੱਢਦਾ, ਖਲਵਾੜੇ ਲੱਗਦੇ, ਹਾੜੀ ਦੀ ਫਸਲ ਕੱਢਦਿਆਂ ਫਲਿਆਂ ਵੇਲੇ ਵਹਿੜਕਿਆਂ ਨੂੰ ਹਾਲੀ ਕੱਢਿਆ ਜਾਂਦਾ । ਹਾੜੀ ਦੀ ਫਸਲ ਘਰ ਪਹੁੰਚਣ ਲਈ ਦੋ-ਢਾਈ ਮਹੀਨੇ ਦਾ ਸਮਾਂ ਲੱਗਦਾ । ਦਾਣਾ-ਫੱਕਾ ਸਾਂਭ ਕੇ ਦੇਣਦਾਰੀਆਂ ਤੋਂ ਸੁਰਖਰੂ ਹੋ ਕੇ ਢੋਲੇ ਦੀਆਂ ਹੇਕਾਂ ਲਾਉਂਦੇ ਨੂੰ ਮਸ਼ਹੂਰ ਕਵੀ ਧਨੀ ਰਾਮ ਚਾਤ੍ਰਿਕ ਦੀ ਕਲਮ ਨੇ ਇੰਝ ਬਿਆਨ ਕੀਤਾ :

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਢਾਂਡਾ ਸਾਂਭਣੇ ਨੂੰ ਕਾਮਾ ਛੱਡ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ ।

ਹੁਣ ਕੋਈ ਜੱਟੀ ਨਾਂ ਤਾ ਚਰਖਾ ਚੁੱਕ ਕੇ ਖੇਤ ਲਿਜਾਣ ਨੂੰ ਆਖਦੀ ਹੈ ਅਤੇ ਨਾ ਹੀ ਫੋਨ ਲਗਵਾਉਣ ਦੀ ਗੱਲ ਕਰਦੀ ਹੈ, ਕਿਉਂਕਿ ਹਰੇਕ ਨੇ ਮੋਬਾਈਲ ਹੱਥਾਂ 'ਚ ਫੜਿਆ ਹੋਇਆ ਹੈ । ਅਜੋਕੀ ਜੱਟੀ ਜਵਾਕ ਤਾਂ ਭੁੱਲ ਸਕਦੀ ਹੈ ਪਰ ਫੋਨ ਨਹੀਂ । ਮਸ਼ੀਨੀ ਯੁੱਗ ਨੇ ਸਭ ਕੁੱਝ ਹੀ ਬਦਲ ਕੇ ਰੱਖ ਦਿੱਤਾ ਹੈ । ਕਿਸ਼ਤਾਂ 'ਤੇ ਲਏ ਅਰਜਨ ਟਰੈਕਟਰ ਨਾਲ ਜੱਟ ਘੰਟਿਆਂ ਦਾ ਕੰਮ ਮਿੰਟਾਂ 'ਚ ਖਤਮ ਕਰ ਕੇ ਬਰੇਕ ਫਾਸਟ ਅਤੇ ਲੰਚ ਘਰ ਆ ਕੇ ਕਰਨ ਦੀ ਸੂਚਨਾ ਮੋਬਾਈਲ 'ਤੇ ਦਿੰਦਾ ਹੈ । ਗੱਭਰੂ ਪੁੱਤ ਦਸ ਵਜੇ ਤੱਕ ਜੈੱਲ ਲਾ ਵਾਲ ਖੜ੍ਹੇ ਕਰ ਕੇ ਬਾਪੂ ਨਾਲ ਜ਼ਿਦ ਕਰ ਕੇ ਕਿਸ਼ਤਾਂ 'ਤੇ ਲਏ ਇਨਫੀਲਡ 'ਤੇ ਬੈਠ ਕੇ ਸ਼ਹਿਰ ਜਾਂ ਕਿਸੇ ਸਕੂਲ-ਕਾਲਜ ਦੇ ਗੇਟ ਮੂਹਰੇ ਆ ਖੜ੍ਹਦਾ ਹੈ, ਜਿਸ ਨੂੰ ਅਜੋਕੀ ਭਾਸ਼ਾ ਵਿੱਚ ਟਾਈਮ ਚੁੱਕਣਾ ਵੀ ਕਿਹਾ ਜਾਂਦਾ ਹੈ ।

ਹੁਣ ਸਾਰਾ ਦਿਨ ਵਾਢੀ ਨਹੀਂ ਹੁੰਦੀ, ਵਾਢੀ ਤੋਂ ਬਾਅਦ ਖਲਵਾੜੇ ਨਹੀਂ ਲੱਗਦੇ, ਸਿੱਟੇ ਨਹੀਂ ਚੁਣੇ ਜਾਂਦੇ, ਧੂੜਾਂ ਉਡਾਉਣ ਲਈ ਪੱਛੋਂ ਦੀ 'ਵਾ ਦੀ ਉਡੀਕ ਨਹੀਂ ਕੀਤੀ ਜਾਂਦੀ । ਮਸ਼ੀਨਾਂ ਪਲਾਂ ਵਿੱਚ ਹੀ ਖੇਤ ਵਿਹਲੇ ਕਰ ਦਿੰਦੀਆਂ ਹਨ । ਵੇਚ-ਵੱਟ ਸ਼ਾਹਾਂ ਦਾ ਹਿਸਾਬ ਕੱਟ ਕੇ ਹੁਣ ਦਮਾਮੇ ਮਾਰਦਾ ਜੱਟ ਮੇਲੇ ਨਹੀਂ ਜਾਂਦਾ । ਕਿਸੇ ਆੜ੍ਹਤੀਏ ਕੋਲੋਂ ਪੈਸੇ ਫੜ ਕੇ ਬੈਂਕ ਤੋਂ ਬਣਾਈ ਲਿਮਟ ਨਵੀਂ ਪੁਰਾਣੀ ਕਰਵਾਉਣ ਜਾਂਦਾ ਹੈ । 'ਸੁਰਖਰੂ' ਹੋਣ ਲਈ ਆਪਣੇ ਵਾਸਤੇ 'ਅਸਰ ਕਰਨ ਵਾਲੀ' ਦਵਾਈ ਦੀ ਭਾਲ ਕਰਦਾ ਹੈ । ਦੂਜੇ ਪਾਸੇ ਅਜੋਕੇ ਅਖੌਤੀ ਸਾਹਿਤ ਸਭਿਆਚਾਰ ਵਿੱਚ ਜੱਟ ਅਤੇ ਜੱਟੀ ਵੀ ਫੁਕਰੀਆਂ ਮਾਰਦੇ ਦਿਸਦੇ ਹਨ, 'ਜੱਟ ਦਾ ਬੁਲਟ ਮਾਰੇ ਬੜ੍ਹਕਾਂ ਲੁਧਿਆਣਾ ਜੀ.ਟੀ. ਰੋਡ 'ਤੇ' ਜਾਂ 'ਵਿੱਚ ਬਲੈਰੋ ਦੇ ਰੱਖ ਲਈ ਦੇਸੀ ਗੰਨ ।' ਇਕ ਕਦਮ ਹੋਰ ਅੱਗੇ ਪੁੱਟਦਿਆਂ, 'ਜਿੰਨੀ ਤੇਰੀ ਕਾਲਜ ਦੀ ਫੀਸ ਬੱਲੀਏ, ਓਨੀ ਨਾਗਣੀ ਜੱਟਾਂ ਦਾ ਪੁੱਤ ਖਾਂਦਾ ਤੜਕੇ' ਕਹਿ ਕੇ ਅਜੋਕਾ ਗੱਭਰੂ ਆਪਣੇ-ਆਪ ਨੂੰ ਨਸ਼ੇ ਪੱਤੇ ਦਾ ਆਦੀ ਵੀ ਦੱਸ ਰਿਹਾ ਹੈ । ਕਿਸਾਨੀ ਕਿਸੇ ਵੀ ਸਾਮਾਜ ਦਾ ਅਜਿਹਾ ਕਿੱਤਾ ਹੈ, ਜਿਸ ਨਾਲ ਹਰੇਕ ਵਰਗ ਜੁੜ ਜਾਂਦਾ ਹੈ । ਲੱਕੜ ਦੇ ਕਾਰੀਗਰ, ਮਿੱਟੀ ਦੇ ਬਰਤਨ ਬਣਾਉਣ ਵਾਲੇ, ਲੋਹੇ ਦਾ ਕੰਮ ਕਰਨ ਵਾਲੇ, ਛੋਟੇ-ਵੱਡੇ ਦੁਕਾਨਦਾਰ, ਮੁੱਕਦੀ ਗੱਲ ਕਿ ਹਰੇਕ ਕਿਰਤ ਢਿੱਡ ਨਾਲ ਜੁੜਦੀ ਹੈ । ਔਰਤਾਂ ਵੱਲੋਂ ਹਰੇਕ ਘਰੇਲੂ ਵਰਤੋਂ ਵਾਲੀ ਚੀਜ਼ ਘਰ ਵਿੱਚ ਹੀ ਤਿਆਰ ਕਰਨੀ ਜਿਵੇਂ ਕੱਚੀ ਮਿੱਟੀ ਦੇ ਭੜੋਲੇ-



ਭੜੋਲੀਆਂ, ਮੱਟਣਾਂ, ਹਾਰੇ, ਛਿੱਕੂ, ਚੰਗੇਰਾ, ਗੋਹਲੇ ਆਦਿ । ਖੇਤਾਂ ਵਿੱਚੋਂ ਕਪਾਹ ਚੁੱਗ ਕੇ ਧੁੱਪੇ ਸੁੱਕਣੀ ਪਾ ਝੰਬਣੀ ਨਾਲ ਝੰਬ ਕੇ ਹੱਥ ਵੇਲਣੇ ਨਾਲ ਵੇਲਣੀ, ਡਿਓਢੀਆਂ 'ਚ ਬੈਠ ਨਾਲ ਬੁਣਨੇ, ਸੇਵੀਆਂ ਵੱਟਣੀਆਂ, ਪੱਖੀਆਂ, ਦਰੀਆਂ, ਖੇਸ, ਚਤਈਆਂ, ਚਾਦਰਾਂ, ਰਜਾਈਆਂ ਦੇ ਅਮਰੇ ਤਿਆਰ ਕਰਨੇ, ਫੁਲਕਾਰੀਆਂ, ਬਾਗ ਤੇ ਕਿਸੇ ਨੂੰ ਨਿਸ਼ਾਨੀ ਦੇਣ ਲਈ ਰੁਮਾਲ 'ਤੇ ਫੁੱਲ ਕੱਢਣਾ, ਚਰਖੇ ਕੱਤਣੇ ਆਦਿ । ਇਹ ਸਾਰਾ ਕੁਝ ਕਰਨ ਲਈ ਰੋਟੀ ਟੁੱਕ ਤੋਂ ਵਿਹਲੀਆਂ ਹੋ ਕੇ ਆਪੋ-ਆਪਣੇ ਕੰਮ ਵਿਹਲੀਆਂ ਹੋ ਕੇ ਆਪੋ-ਆਪਣੇ ਕੰਮ-ਧੰਦੀਂ ਲੱਗ ਜਾਂਦੀਆਂ ਸਨ । ਤ੍ਰਿੰਞਣਾਂ ਵਿੱਚ ਹਾਸੇ ਮਖੌਲ ਅਤੇ ਗੀਤ ਬੋਲੀਆਂ ਨਾਲੋ-ਨਾਲ ਚੱਲਦੇ । ਚਰਖਿਆਂ ਦੀ ਘੂਕ ਸੰਗੀਤਕ ਮਾਹੌਲ ਸਿਰਜਦੀ ਕਿਰਤ ਸਭਿਆਚਾਰ ਦੀ ਤਸਵੀਰ ਸਾਹਿਤਕ ਸ਼ੀਸ਼ੇ ਵਿੱਚ ਇੰਜ ਰੂਪਮਾਨ ਹੁੰਦੀ, 'ਜੋਗੀ ਉਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ', 'ਕੱਢਣਾ ਰੁਮਾਲ ਦੇ ਗਿਓਂ ਦੇ ਆਪ ਰਹਿ ਗਿਆ ਵਲੈਤ ਵਿੱਚ ਜਾ ਕੇ' ਜਾਂ 'ਚੌਥਾ ਯਾਰ ਦਾ ਗਲੀ ਵਿਚ ਗੇੜਾ ਪੂਣੀਆਂ ਮੈਂ ਦੋ ਕੱਤੀਆਂ ।'

ਜ਼ਿਆਦਾ ਸਮਾਂ ਨਹੀਂ ਹੋਇਆ । ਬਹੁਤੀ ਖੇਤੀ ਮੀਹਾਂ 'ਤੇ ਨਿਰਭਰ ਕਰਦੀ ਸੀ । ਖੂਹ ਜੋਤਣ ਲਈ ਵਾਰੀਆਂ ਲਗਦੀਆਂ ਸਨ । ਖੂਹ ਰਾਤ-ਦਿਨ ਵਗਦੇ ਸਨ । ਬਲਦਾਂ ਦੀਆਂ ਟੱਲੀਆਂ, ਕੁੱਤੇ ਦੀ ਟਿਕ-ਟਿਕ, ਸੁੱਕੇ ਗਿੜਦੇ ਢੋਲ-ਝਵੱਕਲੀਆਂ ਅਤੇ ਬੈੜਾਂ ਦੀ ਚੀਂ-ਚੀਂ ਵਾਤਾਵਰਣ ਵਿੱਚ ਸੰਗੀਤਕ ਰਸ ਘੋਲਦੀ ਸੀ । ਖੂਹਾਂ 'ਤੇ ਪਾਣੀ ਭਰਦੀਆਂ ਅਤੇ ਕੱਪੜੇ ਧੋਂਦੀਆਂ ਮੁਟਿਆਰਾਂ ਦੇ ਹਾਸਿਆਂ ਦੀ ਛਣਕਾਰ, ਪਾਣੀ ਭਰਨ ਬਹਾਨੇ ਸੱਜਣਾ ਨਾਲ ਅੱਖ ਮਟੱਕਾ, ਮੇਲ-ਮਿਲਾਪ, ਕਿਸੇ ਰਾਹੀ ਵੱਲੋਂ ਖੂਹ ਤੋਂ ਪਾਣੀ ਭਰਦੀ ਮੁਟਿਆਰ ਕੋਲੋਂ ਪਾਣੀ ਦੀ ਮੰਗ, ਖੂਹਾਂ ਲਾਗੇ ਬੋਹੜਾਂ-ਪਿੱਪਲਾਂ ਦੀ ਠੰਢੀ ਛਾਵੇਂ ਤਾਸ਼ਾਂ ਦੀਆਂ ਢਾਣੀਆਂ, ਗੁਰ ਸਾਖੀਆਂ ਸੁਣਦੇ ਨਿਆਣੇ-ਸਿਆਣੇ ਨੇ ਇਕ ਤਰ੍ਹਾਂ ਮੇਲੇ ਵਰਗਾ ਮਾਹੌਲ ਸਿਰਜਿਆ ਹੁੰਦਾ ਸੀ ।

ਮਨੁੱਖੀ ਜਗਿਆਸਾ ਨੇ ਮਸ਼ੀਨਾਂ ਨਾਲ ਧਰਤੀ ਵਿੰਨ੍ਹੀ, ਖੂਹ ਵਗਣੋਂ ਬੰਦ ਹੋ ਕੇ, ਪੂਰੇ ਗਏ । ਸਾਂਝੀਆਂ ਖੂਹੀਆਂ 'ਤੇ ਡੋਲ ਖੜਕਣੋਂ ਹਟ ਗਏ । ਆਵਾਜਾਈ ਦੇ ਸਾਧਨਾਂ ਵਿੱਚ ਕਦੀ ਗੱਡੇ ਦੀ ਚੌਧਰ ਰਹੀ ਹੈ । ਉਦੋਂ 'ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ' ਦੀ ਗੱਲ ਹੋਈ । ਮੁਕਲਾਵੇ ਦੇ ਚਾਅ ਵਿੱਚ ਕਿਸੇ ਮੁਟਿਆਰ ਵੱਲੋਂ ਅੱਡੀ ਮਾਰ ਕੇ ਗੱਡੀ ਦਾ ਪਹੀਆ ਵੀ ਭੰਨਿਆ ਗਿਆ । ਫਿਰ ਕਾਫੀ ਸਮਾਂ ਟਾਂਗੇ ਦੀ ਚੜ੍ਹਤ ਰਹੀ, 'ਬਹਿ ਜਾ ਬਿੱਲੋ ਛਾਲ ਮਾਰਕੇ, ਟਾਂਗਾ ਚੱਲਿਆ ਈ ਸ਼ਹਿਰ ਕੁਰਾਲੀ ।' ਸਾਈਕਲ ਤੋਂ ਬਾਅਦ 'ਮਿੱਤਰਾਂ ਦੀ ਫਿਟ-ਫਿਟੀਆ ਨੱਬੇ ਮੀਲ ਦੀ ਸਪੀਡ ਉੱਤੇ ਜਾਂਦਾ' ਨੇ ਮੋਟਰ ਸਾਈਕਲਾਂ ਦੇ ਯੁੱਗ ਦੀ ਗੱਲ ਕੀਤੀ । 'ਆ ਗਈ ਰੋਡਵੇਜ਼ ਦੇ ਲਾਰੀ' ਗਾਣੇ ਨੇ ਵਿਕਸਤ ਸਰਕਾਰੀ ਆਵਾਜਾਈ ਸਾਧਨਾਂ ਵਜੋਂ ਹਾਜ਼ਰੀ ਦਰਜ ਕੀਤੀ । ਟਾਂਵੇਂ-ਟਾਵੇਂ ਸ਼ੌਕੀਨ ਕਾਕਿਆਂ ਨੇ ਕਾਰਾਂ ਲੈ ਲਈਆਂ । ਉਸ ਵੇਲੇ 'ਮੋਟਰ ਮਿੱਤਰਾਂ ਦੀ ਚੱਲ ਬਰਨਾਲੇ ਚੱਲੀਏ' ਬਨੇਰਿਆਂ 'ਤੇ ਖੂਬ ਵੱਜਿਆ । ਮਾਰੂਤੀ ਆਉਣ ਨਾਲ ਤਾਂ ਆਵਾਜਾਈ ਸਾਧਨਾ ਵਿੱਚ ਕ੍ਰਾਂਤੀ ਹੀ ਆ ਗਈ ।

ਕਿਰਤ ਦਾ ਮਨੁੱਖੀ ਜੀਵਨ ਨਾਲ ਬਹੁਤ ਹੀ ਨੇੜਲਾ ਸੰਬੰਧ ਹੈ, ਉਹ ਕਿਸੇ ਕਾਰੀਗਰ ਵੱਲੋਂ ਬਣਾਈ ਹੱਲ-ਪੰਜਾਲੀ, ਜਾਗਰ ਦਾ ਟਾਂਗਾ, ਜੀ ਟੀ ਰੋਡ 'ਤੇ ਦੁਹਾਈਆਂ ਪਾਉਂਦਾ ਟਰੱਕ ਹੋਵੇ ਜਾਂ ਕਿਸੇ ਦਾ ਟੋਰਾਂਟੋ ਵਿੱਚ ਚੱਲਦਾ ਟਰਾਲਾ, ਕਿਰਤ ਨਾਲ ਜੁੜਿਆ ਹਰ ਸਾਧਨ ਸਾਡੇ ਸਾਹਿਤ ਸਭਿਆਚਾਰ ਦਾ ਹਿੱਸਾ ਹੈ । ਅਜੋਕੀ ਪੀੜ੍ਹੀ ਕਿਰਤ ਸਭਿਆਚਾਰ ਨਾਲੋਂ ਟੁੱਟ ਰਹੀ ਹੈ ਜੋ ਆਰਥਿਕ ਮੰਦਹਾਲੀ ਦਾ ਸਭ ਤੋਂ ਵੱਡਾ ਕਾਰਨ ਬਣ ਰਿਹਾ ਹੈ । ਗੱਭਰੂ ਨਸ਼ੇ-ਪੱਤੇ ਦੇ ਆਦੀ ਹੋ ਰਹੇ ਹਨ । ਆਪਣੇ ਘਰ ਅਤੇ ਖੇਤਾਂ ਵਿੱਚ ਕੰਮ ਕਰਨ ਦੀ ਬਜਾਏ ਬਾਹਰਲੇ ਮੁਲਕਾਂ ਵਿੱਚ ਜਾ ਕੇ ਕੰਮ ਕਰਨ ਨੂੰ ਤਰਜ਼ੀਹ ਦੇ ਰਹੇ ਹਨ । ਸੱਥਾਂ ਸੁੰਗੜ ਕੇ ਟੀ ਵੀ ਦਾ ਕਮਰਾ ਬਣ ਗਿਆ ਹੈ, ਉਹ ਵੀ ਇਕੱਲੇ-ਇਕੱਲੇ ਦਾ । ਹੁਣ ਕੋਈ ਕੀਮਾ ਪੈਦਲ ਆ ਕੇ ਕਿਸੇ ਮਲਕੀ ਕੋਲੋਂ ਪਾਣੀ ਦੀ ਮੰਗ ਨਹੀਂ ਕਰਦਾ । ਬੋਹੜਾਂ ਸਮੇਤ ਢਾਣੀਆਂ ਗਾਇਬ ਹਨ । ਜੀਵਨ ਸ਼ੈਲੀ ਹੀ ਬਦਲ ਗਈ ਹੈ । ਤਰੱਕੀ ਜਗਿਆਸਾ ਦੀ ਪ੍ਰਤੀਕ ਹੈ । ਅਜੋਕੇ ਮਸ਼ੀਨੀ ਯੁੱਗ ਨੂੰ ਵੀ ਕਿਰਤੀ ਹੱਥਾਂ ਨੇ ਹੀ ਸਿਰਜਿਆ ਹੈ । ਜੇ ਮਨੁੱਖ ਨੇ ਸੁੱਖ-ਸਹੂਲਤਾਂ ਪੈਦਾ ਕੀਤੀਆਂ ਹਨ ਤਾਂ ਮਾਰੂ ਹਥਿਆਰ ਤੇ ਢੇਰਾਂ ਦੇ ਢੇਰ ਬਾਰੂਦ ਵੀ ਮਨੁੱਖ ਨੇ ਹੀ ਪੈਦਾ ਕੀਤਾ ਹੈ । ਪਰ ਜੋ ਤਰੱਕੀ ਸਾਨੂੰ ਇਕ ਦੂਜੇ ਦੇ ਦੁਸ਼ਮਣ ਬਣਾ ਦੇਵੇ, ਮਨੁੱਖ 'ਚੋਂ ਮਨੁੱਖਤਾ ਮਨਫੀ ਕਰ ਦੇਵੇ, ਕਿਰਤ ਕਰਨੀ ਭੁਲਾ ਕੇ ਨਿਕੰਮੇ ਬਣਾ ਦੇਵੇ, ਅਜਿਹੀ ਤਰੱਕੀ ਕਿਸ ਕੰਮ ਦੀ ? ਵਾਰਸ ਸ਼ਾਹ ਦੇ ਅਜੋਕੇ ਵਾਰਸ ਦੀ ਕਲਮ ਤਾਂ ਫਿਰ ਇੰਜ ਹੀ ਲਿਖੇਗੀ :

ਚਿੜੀ ਚੂਕਦੀ ਨਾਲ ਨਾ ਤੁਰਨ ਪਾਂਧੀ,
ਪੈਣ ਚਾਟੀਆਂ ਵਿੱਚ ਮਧਾਣੀਆਂ ਨਾ ।
ਕੋਈ ਉਤਰ ਪਹਾੜੋਂ ਲਾ ਆਏ ਯੋਗੀ,
ਚਰਖੇ ਤ੍ਰਿੰਞਣੀ ਡਾਹੁਣ ਸੁਆਣੀਆਂ ਨਾ ।

**ਤਰਸੇਮ ਸਿੰਘ ਭੰਗੂ**
ਮੋ. 94656-56214



**ਡਾ. ਅੰਮ੍ਰਿਤ ਸਾਗਰ ਮਿੱਤਲ,**
**ਕੈਬਨਿਟ ਮੰਤਰੀ ਰੈਂਕ ਪੰਜਾਬ ਇਕਨਾਮਿਕ ਪਾਲਿਸੀ ਅਤੇ ਵਾਈਸ ਚੇਅਰਮੈਨ, ਸੋਨਾਲੀਕਾ ਅਤੇ ਪਲਾਨਿੰਗ ਬੋਰਡ**

# ਖੇਤੀ ਨੂੰ ਲਾਭਦਾਇਕ ਬਣਾਉਣ ਦਾ ਹਾਈਟੈੱਕ ਹੱਲ 'ਕਿਸਾਨ ਡਰੋਨ'



ਪੰਜਾਬ ਦੇ ਸਰਹੱਦੀ ਇਲਾਕਿਆਂ 'ਚ ਜਿੱਥੇ ਡਰੱਗਜ਼ ਅਤੇ ਹਥਿਆਰ ਵਰ੍ਹਉਦੇ ਪਾਕਿਸਤਾਨ ਡਰੋਨ ਵੱਡੀ ਪ੍ਰੇਸ਼ਾਨੀ ਦਾ ਕਾਰਨ ਹਨ ਉੱਥੇ ਹੀ ਖੇਤੀ ਖੇਤਰ 'ਚ ਡਰੋਨ ਇਕ ਨਵੇਂ ਇਨਕਲਾਬ ਲਈ ਤਿਆਰ ਹਨ। ਬਰਨਾਲਾ ਦੇ ਪਿੰਡ ਸੇਖਾ ਦੀ ਦਸਵੀਂ ਪਾਸ ਕਿਰਨਪਾਲ ਜੋ ਕਦੀ ਹਵਾਈ ਜਹਾਜ਼ 'ਚ ਨਹੀਂ ਬੈਠੀ, ਹੁਣ ਇਕ ਟ੍ਰੇਂਡ ਡਰੋਨ ਪਾਇਲਟ ਹੈ। ਉਹ ਇਲਾਕੇ ਦੇ ਕਿਸਾਨਾਂ ਨੂੰ ਕਿਰਾਏ 'ਤੇ ਦਿੱਤੇ ਆਪਣੇ ਡਰੋਨ ਨਾਲ ਖੇਤਾਂ 'ਚ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਜਾਂਦੀ ਹੈ। ਇੰਨਾ ਹੀ ਨਹੀਂ ਫਸਲਾਂ ਨੂੰ ਨੁਕਸਾਨ ਦਾ ਜਾਇਜ਼ਾ ਵੀ ਉਹ ਡਰੋਨ ਨਾਲ ਕਰਦੀ ਹੈ। ਮਨੁੱਖ ਰਹਿਤ ਹਵਾਈ ਵਾਹਨ (ਯੂ.ਏ.ਵੀ.) ਭਾਵ ਡਰੋਨ ਖੇਤੀ ਨੂੰ ਜ਼ਿਆਦਾ ਬਿਹਤਰ ਅਤੇ ਲਾਭਦਾਇਕ ਬਣਾਉਣ ਦਾ ਹਾਈਟੈੱਕ ਹੱਲ ਹੈ।

ਇੰਨਾ ਹੀ ਨਹੀਂ ਪੇਂਡੂ ਇਲਾਕਿਆਂ ਦੀਆਂ ਔਰਤਾਂ ਦੇ ਸਵੈ-ਸਹਾਇਤਾ ਸਮੂਹਾਂ ਭਾਵ ਸੈਲਫ ਹੈਲਪ ਗਰੁੱਪ (ਐੱਸ. ਐੱਚ. ਜੀ.) ਨੂੰ ਆਰਥਿਕ ਤੌਰ 'ਤੇ ਨਿਰਭਰ ਬਣਾਉਣ 'ਚ ਡਰੋਨ ਕਾਰਗਰ ਹਥਿਆਰ ਸਿੱਧ ਹੋ ਸਕਦਾ ਹੈ। ਬੀਤੇ ਦਸੰਬਰ 2023 'ਚ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਰਿਆਇਤੀ ਸਕੀਮ 'ਨਮੋ ਡਰੋਨ ਦੀਦੀ' ਅਧੀਨ 2024 ਤੋਂ 2026 ਤੱਕ 1261 ਕਰੋੜ ਰੁਪਏ ਨਾਲ 15,000 ਸੈਲਫ ਹੈਲਫ ਗਰੁੱਪ ਨਾਲ ਜੁੜੀਆਂ ਹਜ਼ਾਰਾਂ ਔਰਤਾਂ ਨੂੰ ਟ੍ਰੇਨਿੰਗ ਦੇ ਨਾਲ-ਨਾਲ 'ਕਿਸਾਨ ਡਰੋਨ' ਨਾਲ ਲੈਸ ਕਰਨ ਦਾ ਟੀਚਾ ਹੈ। ਬਰਨਾਲਾ ਦੀ ਕਿਰਨਪਾਲ ਪੰਜਾਬ ਦੀਆਂ ਉਨ੍ਹਾਂ 22 ਔਰਤਾਂ 'ਚੋਂ ਇਕ ਹੈ ਜਿਨ੍ਹਾਂ ਨੂੰ ਪਹਿਲੇ ਬੈਚ 'ਚ ਦੇਸ਼ ਭਰ ਦੇ 300 ਸੈਲਫ ਹੈਲਪ ਗਰੁੱਪਾਂ ਨਾਲ ਜੁੜੀਆਂ ਔਰਤਾਂ 'ਚ ਸ਼ਾਮਲ ਕੀਤਾ ਗਿਆ।

**ਸੰਭਾਵਨਾਵਾਂ** : ਹਲਾਂਕਿ ਇਕ ਹਾਈਟੈੱਕ ਖੇਤੀਬਾੜੀ ਡਰੋਨ ਦੀ ਕੀਮਤ ਲਗਭਗ 15 ਲੱਖ ਰੁੱਪਏ ਹੋਣ ਕਾਰਨ ਇਹ ਜ਼ਿਆਦਾਤਰ ਕਿਸਾਨਾਂ ਦੀ ਪਹੁੰਚ ਤੋਂ ਦੂਰ ਹੈ ਪਰ ਸਰਕਾਰ ਨੇ ਇਸ 'ਤੇ 4 ਤੋਂ 8 ਲੱਖ ਰੁਪਏ ਸਬਸਿਡੀ ਦੇ ਕਰਜ਼ੇ ਦੇ ਤੌਰ 'ਤੇ ਬਾਕੀ ਰਕਮ 'ਤੇ ਵਿਆਜ 'ਚ ਵੀ 3 ਫੀਸਦੀ ਛੋਟ ਦੀ ਪੇਸ਼ਕਸ ਕੀਤੀ ਹੈ। ਇਸ ਪਹਿਲ ਨਾਲ ਅਗਲੇ 5 ਸਾਲ 'ਚ 25 ਫੀਸਦੀ ਦੀ ਸਾਲਾਨਾ ਔਸਤ ਦਰ ਦੇ ਵਾਧੇ ਨਾਲ ਭਾਰਤੀ ਖੇਤੀਬਾੜੀ ਡਰੋਨ ਬਾਜ਼ਾਰ ਸਾਲਾਨਾ 30,000 ਕਰੋੜ ਰੁਪਏ ਦਾ ਹੋਣ ਦਾ ਅੰਦਾਜ਼ਾ ਹੈ।

ਉੱਥੇ ਹੀ ਖੇਤੀਬਾੜੀ ਡਰੋਨ ਦਾ ਵਿਸ਼ਵ ਬਾਜ਼ਾਰ 31 ਫੀਸਦੀ ਸਾਲਾਨਾ ਵਾਧਾ ਦਰ ਨਾਲ 2026 ਤੱਕ 4.7 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਸੰਭਾਵਨਾ ਹੈ। ਖੇਤਾਂ ਦੀ ਮੈਪਿੰਗ, ਆਟੋਮੈਟਿਕ ਬਿਜਾਈ, ਖਾਦ ਤੇ ਕੀਟਨਾਸ਼ਕਾਂ ਦੇ ਛਿੜਕਾਅ, ਫਸਲਾਂ ਦੇ ਸਰਵੇ ਅਤੇ ਉਨ੍ਹਾਂ ਦੀ ਹਾਈਟੈੱਕ ਫੋਟੋਗ੍ਰਾਫੀ ਨਾਲ ਆਉਣ ਵਾਲੇ ਸਮੇਂ 'ਚ ਖੇਤੀਬਾੜੀ ਡਰੋਨ ਦੇ ਬਾਜ਼ਾਰ ਨੂੰ ਹੁਲਾਰਾ ਮਿਲਣ ਦੀ ਆਸ ਹੈ। ਖੇਤੀਬਾੜੀ ਡਰੋਨ ਤਕਨਾਲੋਜੀ ਖੇਤਾਂ 'ਚ ਸਿੰਚਾਈ ਲਈ ਪਾਣੀ, ਖਾਦ ਦੇ ਕੀਟਨਾਸ਼ਕਾਂ ਵਰਗੇ ਮਹੱਤਵਪੂਰਨ ਸਰੋਤਾਂ ਦੀ ਬਰਬਾਦੀ ਘੱਟ ਕਰਨ 'ਚ ਵੀ ਸਹਾਇਕ ਹੈ।

**ਰਿਮੋਟ ਸੈਂਸਿੰਗ ਤੇ ਫਸਲਾਂ ਦੀ ਨਿਗਰਾਨੀ** : ਵੱਧ ਉਪਜ ਅਤੇ ਮੁਨਾਫੇ ਲਈ ਫਸਲਾਂ ਦੀ ਸਿਹਤ ਦੀ ਅਸਰਦਾਰ ਨਿਗਰਾਨੀ ਅਹਿਮ ਹੈ। 'ਹਾਈਪਰਪੇਕਟ੍ਰਲ ਇਮੇਜਿੰਗ' ਤਕਨੀਕ ਨਾਲ ਲੈਸ ਡਰੋਨ ਦੀ ਵਰਤੋਂ ਨਾਲ ਫਸਲਾਂ ਦੀ ਸਿਹਤ ਨੂੰ ਸਮਝਣ ਦੇ ਪੁਰਾਣੇ ਤੌਰ ਤਰੀਕਿਆਂ 'ਚ ਇਲਕਲਾਬੀ ਤਬਦੀਲੀ ਆਈ ਹੈ। ਹਾਲ ਹੀ 'ਚ ਹੋਈ ਇਕ ਸੋਧ ਤੋਂ ਪਤਾ ਲੱਗਾ ਹੈ ਕਿ ਡਰੋਨ ਨਾਲ ਰਵਾਇਤੀ ਨਿਗਰਾਨੀ ਤਰੀਕਿਆਂ ਦੀ ਤੁਲਨਾ 'ਚ ਦੋ ਹਫਤੇ ਪਹਿਲਾਂ ਹੀ ਕੀੜਿਆਂ ਦੀ ਲਾਗ ਦਾ ਪਤਾ ਲਾਉਣ ਨਾਲ 30 ਫੀਸਦੀ ਫਸਲ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ।



**ਸਟੀਕ ਫਸਲ ਪ੍ਰਬੰਧਨ** : ਖੇਤੀਬਾੜੀ ਉਤਪਾਦਨ ਤੇ ਵਾਤਾਵਰਣ ਦੀ ਸੰਭਾਲ ਦਰਮਿਆਨ ਸੰਤੁਲਨ ਬਣਾਉਣਾ ਅਹਿਮ ਹੈ। ਰਸਾਇਣਾਂ ਦੀ ਵੱਧ ਵਰਤੋਂ ਅਤੇ ਪਾਣੀ ਦੀ ਕਮੀ ਨਾਲ ਵਾਤਾਵਰਣ ਨੂੰ ਨੁਕਸਾਨ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪਾਣੀ ਦੀ ਲੋੜ ਵਾਲੇ ਖੇਤਰਾਂ ਦੀ ਸਟੀਕ ਪਛਾਣ ਕਰ ਕੇ ਡਰੋਨ ਵਾਤਾਵਰਣ ਦੀ ਸਮੱਸਿਆ ਨੂੰ ਹੱਲ ਕਰਨ 'ਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਪਾਣੀ ਦੀ ਵਰਤੋਂ ਨੂੰ 25 ਫੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ ਜਿਸ ਨਾਲ ਟਿਕਾਊ ਖੇਤੀਬਾੜੀ ਨੂੰ ਹੁਲਾਰਾ ਮਿਲੇਗਾ। ਡਰੋਨ ਖਾਦ ਅਤੇ ਕੀਟਨਾਸ਼ਕਾਂ ਦੀ ਵਰਤੋਂ ਬਾਰੇ ਸਟੀਕ ਜਾਣਕਾਰੀ ਦਿੰਦੇ ਹਨ। ਡਰੋਨ ਰਾਹੀਂ ਜੁਟਾਏ ਗਏ ਡੇਟਾ ਦੀ ਮਦਦ ਨਾਲ 26 ਫੀਸਦੀ ਤੱਕ ਖਾਦ ਦੀ ਵਰਤੋਂ ਘਟਣ ਨਾਲ ਨਾ ਸਿਰਫ ਕਿਸਾਨਾਂ ਦੀ ਲਾਗਤ ਘਟੇਗੀ ਸਗੋਂ ਵਾਤਾਵਰਣ ਦੀ ਸੰਭਾਲ ਦੇ ਨਾਲ ਖੇਤੀ ਨੂੰ ਹੋਰ ਵੱਧ ਟਿਕਾਊ ਬਣਾਇਆ ਜਾ ਸਕਦਾ ਹੈ।

**ਹੁਨਰਮੰਦ ਸਕਾਊਟਿੰਗ** : ਭਾਰਤ ਦੇ ਵਿਸ਼ਾਲ ਭੂਗੋਲਿਕ ਵਿਸਥਾਰ ਨੂੰ ਦੇਖਦੇ ਹੋਏ, ਦੂਰ-ਦੁਰਾਡੇ ਦੇ ਪਹਾੜੀ ਇਲਾਕਿਆਂ 'ਚ ਸਥਿਤ ਬਿਖੜੇ ਖੇਤਾਂ ਦੀ ਨਿਗਰਾਨੀ ਇਕ ਵੱਡੀ ਚੁਣੌਤੀ ਹੈ। ਅਜਿਹੇ ਇਲਾਕਿਆਂ 'ਚ ਖੇਤੀ ਦੀ ਨਿਗਰਾਨੀ 'ਚ ਘੰਟੇ ਲਾਉਣ ਵਾਲੇ ਕਿਸਾਨਾਂ ਦਾ ਕੰਮ ਡਰੋਨ ਕੁਝ ਹੀ ਮਿੰਟਾਂ 'ਚ ਕਰ ਦਿੰਦੇ ਹਨ। 200 ਏਕੜ ਨੂੰ ਸਿਰਫ 30 ਮਿੰਟਾਂ 'ਚ ਕਵਰ ਕਰ ਕੇ ਡਰੋਨ ਨਾਲ ਸਮੇਂ ਸਿਰ ਸਟੀਕ ਡੇਟਾ ਮਿਲਦਾ ਹੈ। ਦੇਸ਼ ਦੇ 68 ਫੀਸਦੀ ਛੋਟੇ ਕਿਸਾਨਾਂ ਦੀ ਫਸਲਾਂ ਨੂੰ ਕੀੜਿਆਂ ਦੀ ਲਾਗ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਸਮਰੱਥ ਬਣਾਉਂਦਾ ਹੈ। ਇਕਫੋ ਵੱਲੋਂ ਕੀਤੇ ਗਏ ਪ੍ਰਯੋਗ ਮੁਤਾਬਕ 'ਇਕ ਏਕੜ 'ਚ ਖਾਦ ਜਾਂ ਕੀਟਨਾਸ਼ਕਾਂ ਦਾ ਛਿੜਕਾਅ ਕਰਨ 'ਚ ਇਕ ਆਦਮੀ ਨੂੰ 4 ਤੋਂ 6 ਘੰਟੇ ਲੱਗਦੇ ਹਨ ਜਦਕਿ ਡਰੋਨ ਇਕ ਏਕੜ 'ਚ 8 ਤੋਂ 10 ਮਿੰਟ 'ਚ ਛਿੜਕਾਅ ਕਰ ਦਿੰਦਾ ਹੈ।'

**ਡੇਟਾ ਸੰਚਾਲਿਤ ਰਣਨੀਤੀ** : ਅੱਜ ਅਸੀਂ ਇਕ ਅਜਿਹੇ ਯੁੱਗ 'ਚ ਹਾਂ ਜਿੱਥੇ ਡੇਟਾ-ਸੰਚਾਲਿਤ ਨੀਤੀਆਂ ਅਪਵਾਦ ਨਹੀਂ ਸਗੋਂ ਖੇਤੀ ਦੀ ਰਫਤਾਰ ਰੱਖਣ ਲਈ ਨਿਯਮ ਬਣ ਗਿਆ ਹੈ। ਡਰੋਨ ਵੱਡੇ ਪੱਧਰ 'ਤੇ ਡੇਟਾਸੈੱਟ ਤਿਆਰ ਕਰਕੇ ਹਨ ਜੋ; ਫਸਲਾਂ ਦੀ ਸਿਹਤ, ਉਨ੍ਹਾਂ ਦੇ ਵਿਕਾਸ ਪੈਟਰਨ 'ਤੇ ਡੂੰਘੀ ਨਜ਼ਰ ਰੱਖਦੇ ਹਨ। ਉਦਾਹਰਣ ਲਈ ਇਕ ਕਿਸਾਨ ਹੁਣ ਡਰੋਨ ਰਾਹੀਂ ਜੁਟਾਏ ਗਏ ਡੇਟਾ ਦੇ ਆਧਾਰ 'ਤੇ ਘੱਟ ਰਕਬੇ 'ਚ ਗੰਨੇ ਦੀ ਵੱਧ ਬਿਜਾਈ ਨਾਲ 10 ਫੀਸਦੀ ਤੱਕ ਵੱਧ ਪੈਦਾਵਾਰ ਲੈ ਸਕਦਾ ਹੈ।

**ਬੱਚਤ** : ਖੇਤੀਬਾੜੀ ਖੇਤਰ 'ਚ ਜਿੱਥੇ ਕਿਸਾਨਾਂ ਦਾ ਲਾਭ ਘਟਦਾ ਜਾ ਰਿਹਾ ਹੈ, ਡਰੋਨ ਫਸਲਾਂ 'ਤੇ ਲਾਗਤ ਨੂੰ ਘਟਾਉਣ 'ਚ ਅਸਰਦਾਰ ਸਾਬਤ ਹੋ ਸਕਦਾ ਹੈ। ਸੰਭਾਵਿਤ ਸਮੱਸਿਆਵਾਂ ਦਾ ਜਲਦੀ ਪਤਾ ਲੱਗਣ ਨਾਲ ਖਰਚ ਘਟਾਇਆ ਜਾ ਸਕਦਾ ਹੈ। ਡਰੋਨ ਡੇਟਾ ਦੀ ਮੱਦਦ ਨਾਲ ਫਸਲਾਂ ਸਬੰਧੀ ਸਮੱਸਿਆਵਾਂ ਪੈਦਾ ਹੋਣ ਤੋਂ ਪਹਿਲਾਂ ਜ਼ਰੂਰੀ ਕਦਮ ਉਠਾ ਕੇ ਮਹਿੰਗੇ ਖਰਚ ਤੋਂ ਬਚਾਇਆ ਜਾ ਸਕਦਾ ਹੈ।

**ਮੌਸਮ ਦਾ ਅਗਾਊਂ ਅੰਦਾਜ਼ਾ** : ਚੰਗੀ ਪੈਦਾਵਾਰ ਲਈ ਢੁੱਕਵਾਂ ਮੌਸਮ ਬਹੁਤ ਅਹਿਮ ਹੈ। ਭਾਰਤ 'ਚ ਜਿੱਥੇ ਮਾਨਸੂਨ ਕਿਸਾਨਾਂ ਲਈ ਵਰਦਾਨ ਹੈ ਉੱਥੇ ਹੀ ਕਈ ਵਾਰ ਹੜ੍ਹ ਦੇ ਤੌਰ 'ਤੇ ਇਹ ਕਿਸਾਨਾਂ ਦਾ ਵੱਡਾ ਦੁਸ਼ਮਣ ਵੀ ਬਣ ਜਾਂਦਾ ਹੈ। ਮੌਸਮ ਨਿਗਰਾਨੀ ਤਕਨੀਕ ਨਾਲ ਲੈਸ ਡਰੋਨ ਮੌਸਮ ਬਾਰੇ ਸਟੀਕ ਡੇਟਾ ਦਿੰਦੇ ਹਨ। ਇਹ ਜਾਣਕਾਰੀ ਖੇਤੀਬਾੜੀ ਕਾਰਜਾਂ ਦੀ ਯੋਜਨਾ ਬਣਾਉਣ ਅਤੇ ਬਦਲਦੇ ਮੌਸਮ ਅਨੁਸਾਰ ਫਸਲਾਂ ਦੀ ਬਿਜਾਈ, ਸਿੰਚਾਈ ਅਤੇ ਕਟਾਈ ਲਈ ਬਹੁਤ ਅਹਿਮ ਹੈ।

**ਨਿਚੋੜ** : ਖੇਤੀਬਾੜੀ ਨੂੰ ਸਟੀਕ, ਟਿਕਾਊ ਤੇ ਲਾਭਦਾਇਕ ਬਣਾਉਣ ਲਈ ਸਰਕਾਰ ਵੱਲੋਂ ਡਰੋਨ ਤਕਨਾਲੋਜੀ ਨੂੰ ਖੇਤੀ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਤਿਆਰੀ ਹੈ। ਡਰੋਨ ਦੀ ਮਦਦ ਨਾਲ ਜਿੱਥੇ ਖਾਦ ਅਤੇ ਕੀਟਨਾਸ਼ਕਾਂ ਦੀ ਖਪਤ ਘਟਾਉਣ ਨਾਲ ਸਰਕਾਰ ਨੂੰ ਸਬਸਿਡੀ 'ਚ ਬੱਚਤ ਹੋਵੇਗੀ ਉੱਥੇ ਹੀ ਇਸ ਬੱਚਤ ਨਾਲ ਸਰਕਾਰ ਡਰੋਨ ਦੀ 80 ਫੀਸਦੀ ਕੀਮਤ ਚੁਕਾ ਕੇ ਵੱਡੇ ਪੈਮਾਨੇ 'ਤੇ ਛੋਟੇ ਕਿਸਾਨਾਂ ਨੂੰ ਵੀ ਸਸਤੀ ਡਰੋਨ ਤਕਨਾਲੋਜੀ ਨਾਲ ਜੋੜ ਸਕਦੀ ਹੈ। ਰਵਾਇਤੀ ਖੇਤੀਬਾੜੀ ਮੁਹਾਰਤ ਦਾ ਡਰੋਨ ਵਰਗੀ ਉੱਨਤ ਤਕਨੀਕ ਨਾਲ ਤਾਲਮੇਲ ਬਿਠਾ ਕੇ ਕਿਸਾਨ ਸੁਖਦ, ਖੁਸ਼ਹਾਲ ਭਵਿੱਖ ਦੀ ਉਮੀਦ ਕਰ ਸਕਦੇ ਹਨ।

# ਖੁੰਬ ਸਹਾਇਕ ਧੰਦੇ ਨਾਲ ਖੇਤੀ ਰਹਿੰਦ-ਖੂੰਹਦ ਦਾ ਪ੍ਰਬੰਧਨ

**ਜਸਪ੍ਰੀਤ ਕੌਰ, ਸ਼ਿਵਾਨੀ ਸ਼ਰਮਾ ਅਤੇ ਸ਼ੰਮੀ ਕਪੂਰ, ਮਾਈਕ੍ਰੋਬਾਇਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ**
**ਮੋਬਾਇਲ : 950 14-25355**

ਸਰਦੀਆਂ ਦੇ ਮੌਸਮ ਦੌਰਾਨ, ਖੁੰਬਾਂ ਦੀਆਂ ਦੋ ਕਿਸਮਾਂ ਬਟਨ ਅਤੇ ਢਿੰਗਰੀ ਦੀ ਕਾਸ਼ਤ ਕੁਦਰਤੀ ਹਾਲਤਾਂ ਵਿਚ ਕੀਤੀ ਜਾ ਸਕਦੀ ਹੈ। ਦੋਵੇਂ ਖੁੰਬਾਂ ਨੂੰ ਕਾਸ਼ਤ ਲਈ $14-23^0$ ਤਾਪਮਾਨ ਦੀ ਲੋੜ ਹੁੰਦੀ ਹੈ। ਇਨ੍ਹਾਂ ਖੁੰਬਾਂ ਦੀ ਕਾਸ਼ਤ ਇਸ ਪ੍ਰਕਾਰ ਹੈ।

**ਬਟਨ ਖੁੰਬ ਦੀ ਕਾਸ਼ਤ ਵਿਧੀ** : ਕੰਪੋਸਟ ਬਣਾਉਣ ਲਈ ਤੂੜੀ (150 ਕਿਲੋ) ਨੂੰ 48 ਘੰਟੇ ਲਈ ਅਤੇ ਪਰਾਲੀ (150 ਕਿਲੋ) ਨੂੰ ਪੱਕੇ ਫਰਸ਼ 'ਤੇ 24 ਘੰਟੇ ਚੰਗੀ ਤਰ੍ਹਾਂ ਗਿੱਲੀ ਕਰੋ। ਕਣਕ ਦਾ ਛਾਣ (15 ਕਿਲੋ), ਯੂਰੀਆ (6.5 ਕਿਲੋ), ਡੀ ਏ ਪੀ (1 ਕਿਲੋ) ਅਤੇ ਪੋਟਾਸ਼ (3 ਕਿਲੋ) ਨੂੰ ਵੱਖਰੇ ਤੌਰ 'ਤੇ ਮਿਲਾਇਆ ਜਾਂਦਾ ਹੈ ਅਤੇ 24 ਘੰਟਿਆਂ ਲਈ ਗਿੱਲਾ ਕੀਤਾ ਜਾਂਦਾ ਹੈ। 48 ਘੰਟੇ ਗਿੱਲੀ ਤੂੜੀ ਅਤੇ 24 ਘੰਟੇ ਗਿੱਲੀ ਬਾਕੀ ਸਮੱਗਰੀ ਨੂੰ ਰਲਾ ਕੇ ਇੱਕ 5'×5'×5' ਦਾ ਢੇਰ ਤਿਆਰ ਕਰ ਲਓ। ਚੰਗੀ ਕੰਪੋਸਟ ਬਣਾਉਣ ਲਈ ਇਸ ਢੇਰ ਨੂੰ 4,8,12,15, 18, 21, 24ਵੇਂ ਦਿਨ ਕੁੱਲ ਸੱਤ ਵਾਰ ਪਲਟਿਆ ਜਾਂਦਾ ਹੈ। ਗੁੜ ਦੀ ਸੀਰਾ (5 ਕਿਲੋ), ਜਿਪਸਮ (30 ਕਿਲੋ), ਫੁਰਾਡੋਨ (120 ਗ੍ਰਾਮ) ਅਤੇ ਡਾਈਕਲੋਰੋਵਾਸ (60 ਮਿ.ਲਿ.) ਨੂੰ ਕ੍ਰਮਵਾਰ 4,12,18 ਅਤੇ 24ਵੇਂ ਦਿਨ ਦੀ ਪਲਟੀ ਵਿਚ ਮਿਲਾਇਆ ਜਾਂਦਾ ਹੈ। ਤਿਆਰ ਕੰਪੋਸਟ ਨੂੰ 1% ਦੇ ਹਿਸਾਬ ਨਾਲ ਖੁੰਬਾਂ ਦੇ ਬੀਜ ਨਾਲ ਬੀਜਿਆ ਜਾਂਦਾ ਹੈ। ਖੁੰਬਾਂ ਦੀ ਬਿਜਾਈ ਮੋਮੀ ਲਿਫਾਫਿਆਂ, ਫਲਾਂ ਦੀ ਖਾਲੀ ਪੇਟੀਆਂ ਜਾਂ ਸ਼ੈਲਫਾਂ ਉੱਪਰ ਕੀਤੀ ਜਾ ਸਕਦੀ ਹੈ। ਲਗਭਗ 25-30 ਦਿਨਾਂ ਅੰਦਰ, ਖੁੰਬਾਂ ਦਾ ਜਾਲਾ ਸਾਰੀ ਕੰਪੋਸਟ ਵਿਚ ਫੈਲ ਜਾਂਦਾ ਹੈ। ਜਾਲਾ ਫੈਲਣ ਤੋਂ ਬਾਅਦ ਕੰਪੋਸਟ ਉੱਪਰ 1-1.5'' ਦੀ ਫਾਰਮਲਿਨ ਨਾਲ ਸੋਧੀ ਕੇਸਿੰਗ ਮਿੱਟੀ (4:1 : : ਇਕ ਸਾਲ ਪੁਰਾਣੀ ਰੂੜੀ : ਰੇਤਲੀ ਮਿੱਟੀ) ਦੀ ਤਹਿ ਵਛਾਈ ਜਾਂਦੀ ਹੈ। ਕੇਸਿੰਗ ਕਰਨ ਤੋਂ ਬਾਅਦ, ਕੰਪੋਸਟ ਨੂੰ ਸਪਰੇਅ ਨਾਲ ਪਾਣੀ ਦਿੱਤਾ ਜਾਂਦਾ ਹੈ, ਤਾਂ ਜੋ 80-85% ਨਮੀਂ ਬਣੀ ਰਹੇ। ਕੇਸਿੰਗ ਦੇ 10-15 ਦਿਨ ਬਾਅਦਠ ਖੁੰਬਾਂ ਦੇ ਕਿਣਕੇ ਨਿਕਲਣੇ ਸ਼ੁਰੂ ਹੋ ਜਾਣਗੇ, ਜੋ 3-4 ਦਿਨ 'ਚ ਤੋੜੇ ਜਾ ਸਕਦੇ ਹਨ।



**ਢਿੰਗਰੀ ਖੁੰਬ ਦੀ ਕਾਸ਼ਤ ਵਿਧੀ** : ਬਟਨ ਖੁੰਬ ਦੀ ਤੁਲਨਾ 'ਚ ਢਿੰਗਰੀ ਖੁੰਬ ਦੀ ਕਾਸ਼ਤ ਬਹੁਤ ਆਸਾਨ ਹੈ। ਕਣਕ ਦੀ ਤੂੜੀ ਨੂੰ ਸਾਫ ਪਾਣੀ ਨਾਲ 24 ਘੰਟੇ ਲਈ ਚੰਗੀ ਤਰ੍ਹਾਂ ਗਿੱਲੀ ਕਰੋ। ਇਸ ਵਿੱਚੋਂ ਵਾਧੂ ਪਾਣੀ ਬਾਹਰ ਨਿਕਲਣ ਦਿਉ, ਤਾਂ ਜੋ ਇਸ ਵਿਚ 70-75% ਨਮੀਂ ਰਹਿ ਜਾਵੇ। ਇਸ ਤੋਂ ਬਾਅਦ, ਗਿੱਲੀ ਤੂੜੀ ਨੂੰ 10% (ਸੁੱਕੀ ਤੂੜੀ ਦੇ ਹਿਸਾਬ ਨਾਲ) ਖੁੰਬਾਂ ਤੇ ਬੀਜ ਨਾਲ ਮੋਮੀ ਲਿਫਾਫਿਆਂ ਵਿੱਚ ਬੀਜ ਦਿਉ। ਬੀਜੇ ਹੋਏ ਲਿਫਾਫਿਆਂ ਨੂੰ ਸੇਬੇ ਨਾਲ ਬੰਨ੍ਹ ਦਿਓ। 20-25 ਦਿਨਾਂ ਦੇ ਅੰਦਰ ਖੁੰਬ ਦਾ ਜਾਲਾ ਫੈਲ ਜਾਂਦਾ ਹੈ, ਜਿਸ ਤੋਂ ਬਾਅਦ ਮੋਮੀ ਲਿਫਾਫੇ ਲਾਹ ਦਿੱਤੇ ਜਾਂਦੇ ਹਨ ਅਤੇ ਰੋਜ਼ ਪਾਣੀ ਦੇ ਕੇ 80-85% ਨਮੀਂ ਬਣਾ ਕੇ ਰੱਖੀ ਜਾਂਦੀ ਹੈ। ਸਿੱਪੀ ਦੇ ਆਕਾਰ ਦੀਆਂ ਖੁੰਬਾਂ ਕੁਝ ਦਿਨਾਂ ਵਿੱਚ ਫੁੱਟਣ ਲੱਗਦੀਆਂ ਹਨ, ਜਿਨ੍ਹਾਂ ਨੂੰ ਤੋੜਿਆ ਜਾ ਸਕਦਾ ਹੈ।

# ਬਲਾਕ ਕਾਹਨੂੰਵਾਨ ਦੇ ਕਿਸਾਨ ਹਰਜਿੰਦਰ ਸਿੰਘ ਬੁੱਟਰ ਪਿੰਡ ਗੋਤ ਖੁਰਦ ਨੇ ਮੈਰੀ ਗੋਲਡ (ਗੇਂਦੇ) ਫੁੱਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਨਾਲ ਪਿਛਲੇ 10 ਸਾਲਾਂ ਤੋਂ ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਕਣਕ ਦੀ ਬਿਜਾਈ ਮਲਚਿੰਗ ਵਿਧੀ ਰਾਹੀਂ ਕਰਨ ਨੂੰ ਦਿੱਤੀ ਤਰਜ਼ੀਹ

ਦੋਸਤੋ ਕੋਈ ਵੀ ਅਜਿਹੀ ਫਸਲ ਦੀ ਕਾਸ਼ਤ ਹੋਵੇ ਜੋ ਸਰਕਾਰੀ ਨੀਤੀ ਤਹਿਤ ਜਾਂ ਪ੍ਰਾਈਵੇਟ ਵਿਕਰੀ ਰੇਟ ਤਹਿਤ ਤਹਿ ਨਾ ਹੋਵੇ, ਉੱਪਰੋਂ ਇਹ ਵੀ ਨਾ ਪਤਾ ਹੋਵੇ ਕਿ ਉਹ ਵਿਕਣੀ ਕਿਸ ਮੰਡੀ ਚ ਹੈ, ਤੇ ਕੋਈ ਖੱਪਤਕਾਰ ਫਸਲ ਪੱਕਣ ਤੇ ਆ ਕੇ ਏਸ ਫਸਲ ਨੂੰ ਖਰੀਦੇਗਾ ਵੀ ਜਾਂ ਨਹੀਂ ਤਾਂ ਫਿਰ ਵੀ ਅਜਿਹੀ ਫਸਲ ਦੀ ਬਿਜਾਈ ਕਰਨੀ ਤਾਂ ਕਿਸਾਨ ਦਾ ਆਪਣਾ ਤਕੜਾ ਜਿਗਰਾ ਹੋਵੇਗਾ। ਵੱਡੀ ਗੱਲ ਇਹ ਹੈ ਕਿ ਪੰਜਾਬ ਵਿਚ ਉਸ ਫਸਲ ਦੀ ਵੇਚਗਾਹ ਮੰਡੀ ਤੱਕ ਵੱਖਰੀ ਨਾ ਹੋਵੇ ਤੇ ਕਿਸਾਨ ਦੀ ਆਪਣੇ ਪੱਧਰ ਤੇ ਜ਼ਮੀਨ ਉਸ ਫਸਲ ਹੇਠ ਛੇ ਮਹੀਨੇ ਤੱਕ ਦੇਣੀ ਤੇ ਫਸਲ ਵੱਡੀ ਕਰਨ ਲਈ ਖਾਦ, ਸਪਰੇਅ, ਲਵਾਈ, ਗੋਡਾਈ, ਤੁੜਵਾਈ ਆਦਿ ਦੇ ਖਰਚ ਤਾਂ ਫਸਲ ਦੇ ਲਗਾਉਣ ਤੋਂ ਪਹਿਲਾਂ ਹੀ ਤਹਿ ਹੋਣ। ਉੱਪਰੋਂ ਉਸ ਫਸਲ ਨੂੰ ਸੇਲ ਲਈ ਫੇਰ ਆਪਣੇ ਪੱਧਰ ਤੇ ਸੀਜ਼ਨਲ ਗਾਹਕ ਵੱਖ ਵੱਖ ਕਸਬਿਆਂ ਚ ਦੁਕਾਨਦਾਰਾਂ ਕੋਲ ਲੱਭਦੇ ਹਾਂ ਤਾਂ ਉਸ ਕਿਸਾਨ ਦੀ ਨੱਠ ਭੱਜ ਲਈ ਤੇ ਵੱਡੇ ਰਿਸਕ ਲਈ ਹੌਂਸਲੇ ਅਫਜ਼ਾਈ ਕਰਨੀ ਤਾਂ ਜ਼ਰੂਰ ਬਣਦੀ ਹੈ। ਕਿਉਕਿ ਬਹੁਤ ਸਾਰੇ ਕਿਸਾਨ ਤਾਂ ਏਥੋਂ ਤੱਕ ਹੀ ਨਵੀਂ ਰਿਸਕੀ ਸੋਚ ਨਾਲ ਨਹੀਂ ਪਹੁੰਚ ਸਕੇ, ਨਾ ਹੀ ਪਹੁੰਚਦੇ ਹਨ। ਬਹੁਤੇ ਭਰਾ ਤਾਂ ਰਵਾਇਤਾਂ ਤੱਕ ਹੀ ਰਹਿ ਗਏ ਨੇ। ਜੇਕਰ ਅਜਿਹੀਆਂ ਖੇਤੀ ਵਿਭਿੰਨਤਾ ਵਾਲੀ ਫਸਲ ਵਿਚ ਘੱਟ ਪਾਣੀ ਤੇ ਖਾਦਾਂ, ਸਪਰੇਆਂ ਫਸਲਾਂ ਨੂੰ ਕਿਸੇ ਨੀਤੀ ਤਹਿਤ ਤੇਲ/ਪ੍ਰਫਿਊਮ ਬਣਾਉਣ ਦੀ ਪ੍ਰੋਸੈਸਿੰਗ ਉਤਪਾਦਾਂ ਦੀ ਲਿਸਟ ਆਦਿ ਵਿਚ ਖਪਤ ਲਈ ਜਾਂ ਕੱਟ ਫਲਾਵਰ ਖਰੀਦ ਪ੍ਰਬੰਧਾਂ ਹੇਠ ਲਿਆਂਦੇ ਜਾਣ। ਉਨ੍ਹਾਂ ਨੂੰ ਹੋਰਨਾਂ ਜ਼ਿਲ੍ਹਿਆਂ ਵਿਚ ਭੇਜਣ ਦੀ ਨੀਤੀ ਪ੍ਰਬੰਧ ਕਿਉਂ ਨਾ ਹੋਣ, ਤਾਂ ਕਿਸਾਨਾਂ ਲਈ ਸੋਨੇ ਤੇ ਸੁਹਾਗੇ ਵਾਲਾ ਕਾਰਜ ਹੋਵੇਗਾ। ਮਿੱਟੀ ਉਪਜਾਉਤਾ ਵਧਾਉਣ ਲਈ ਕਾਰਜਸ਼ੀਲ ਸਾਬਤ ਹੋਵੇਗਾ। ਅਜਿਹੀ ਖੇਤੀ ਵਿਭਿੰਨਤਾ 'ਚ ਕਿਸਾਨ ਹਰਜਿੰਦਰ ਸਿੰਘ ਦੇ ਪਿਤਾ ਜੋ ਕਿ ਪਹਿਲਾਂ ਕਾਹਨੂੰਵਾਨ ਪਿੰਡ ਵਿਚ ਰਹਿੰਦੇ ਸਨ, ਜੋ ਲੰਮੇ ਦਹਾਕੇ ਤੋਂ ਅਜਿਹੀਆਂ ਕਾਸ਼ਤਾਂ ਨੂੰ ਤਰਜੀਹ ਦਿੰਦੇ ਸਨ। ਉਹਨਾਂ ਵੱਲ ਛੋਟੇ ਹੁੰਦਿਆਂ ਤੋਂ ਦੇਖ ਦੇਖ ਉਹਨਾਂ ਦੀਆਂ ਲੀਹਾਂ ਤੇ ਤੁਰਨਾ ਹੀ ਹਰਜਿੰਦਰ ਦੇ ਅਜਿਹੀ ਕਾਸ਼ਤ ਦੇ ਮਾਰਗ ਦਰਸ਼ਕ ਰਹੇ। ਦੂਜਾ ਉਹਨਾਂ ਦੇ ਦੋਸਤ ਕੁਲਦੀਪ ਸਿੰਘ ਪਿੰਡ ਭਿੱਟੇਵੱਡ ਬਲਾਕ ਕਾਹਨੂੰਵਾਨ ਦੀ ਲੜਕੀ ਡਾ. ਸ਼ਰਨਦੀਪ ਕੌਰ ਪੀ ਐੱਚ ਡੀ (ਐਗਰੋਨੋਮੀ) ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਵਿਦਿਆਰਥਣ ਬਣੀ ਸੇਧਕ। ਜਿਸ ਨੇ ਉਨ੍ਹਾਂ ਨੂੰ ਏਸ ਕਾਸ਼ਤ ਪ੍ਰਤੀ ਗਾਈਡ ਕਰ ਯੂਨੀਵਰਸਿਟੀ ਦੇ ਫੁੱਲਾਂ ਦੇ ਮਾਹਿਰ ਡਾ. ਪਰਮਿੰਦਰ ਸਿੰਘ ਨਾਲ ਰਾਬਤਾ ਬਣਾ ਕੇ ਮੁਲਾਕਾਤ ਕਰਵਾਈ ਤੇ ਉਹਨਾਂ ਨੂੰ ਫੁੱਲਾਂ ਦੀ ਪਨੀਰਰੀ ਲੈ ਕੇ ਦਿੱਤੀ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
(ਮੋ. 98150-82401)


• ਪੰਜਾਬ ਸਰਕਾਰ ਵੱਲਂ ਸਨਮਾਨਿਤ ਕਿਸਾਨ ਨੇ ਪੰਜਾਬ ਸਰਕਾਰ ਨੂੰ ਅਪੀਲ ਫੁੱਲਾਂ ਦੀ ਘੱਟ ਪਾਣੀ ਵਾਲੀ ਫਸਲ ਦਾ ਰੇਟ ਫਿਕਸ ਕਰ ਬਣਾਵੇ ਖੇਤੀ ਨੀਤੀ, ਫੁੱਲਾਂ ਦੀ ਅਲੱਗ ਹੋਵੇ ਮੰਡੀ • ਪੀਐੱਚ.ਡੀ. ਵਿਦਿਆਰਥਣ ਤੇ ਪੀ.ਏ.ਯੂ. ਮਾਹਿਰ ਡਾ. ਪਰਮਿੰਦਰ ਸਿੰਘ ਬਣੇ ਮਾਰਗ ਦਰਸ਼ਕ



## ਆਓ ਗੱਲ ਕਰੀਏ ਕਿਸਾਨ ਨਾਲ

### ਕਿਸਾਨੀ ਤਜ਼ਰਬੇ

ਕਿਸਾਨ ਹਰਜਿੰਦਰ ਸਿੰਘ ਬੁੱਟਰ ਨੇ ਫੁੱਲਾਂ ਦੀ ਕਾਸ਼ਤ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੈਂ ਖੁਦ ਗੁਰਦਾਸਪੁਰ ਤੋਂ ਆਪਣੇ ਮੋਟਰਸਾਈਕਲ ਤੇ ਆਪ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਗਿਆ। ਉੱਥੋਂ 50 ਪੈਸੇ ਪ੍ਰਤੀ ਬੂਟੇ ਦੇ ਹਿਸਾਬ ਨਾਲ 2000 ਬੂਟਾ ਜੋ ਗੇਂਦੇ ਦੀ ਕਿਸਮ ਪੰਜਾਬ ਨੰ. 1 ਤੇ ਲੈ ਕੇ ਆਇਆ। ਮੈਂ ਜੋ ਉਸੇ ਸ਼ਾਮ ਨੂੰ ਹੀ ਖੇਤ ਵਿਚ ਲਗਾ ਦਿੱਤੇ। ਉਹਨਾਂ ਕਿਹਾ ਕਿ ਜਦੋਂ ਸਾਡੇ ਨਾਲ ਡਾ. ਪਰਮਿੰਦਰ ਸਿੰਘ ਦਾ ਰਾਬਤਾ ਹੋਇਆ, ਤਾਂ ਉਹਨਾਂ ਸਾਨੂੰ 10 ਦਿਨਾਂ ਦਾ ਸਮਾਂ ਦਿੱਤਾ। ਜਿਸ ਦੌਰਾਨ ਅਸੀਂ ਖੇਤ ਤਿਆਰ ਕੀਤਾ। ਹਰਜਿੰਦਰ ਸਿੰਘ ਨੇ ਕਿਹਾ ਕਿ ਮੈਂ ਫੁੱਲਾਂ ਦੀ ਪਨੀਰੀ ਸ਼ਾਮ 23 ਅਗਸਤ 2023 ਨੂੰ ਲਗਾ ਦਿੱਤੀ ਸੀ। ਜਿਸ ਦਿਨ ਲੁਧਿਆਣੇ ਲੈਣ ਗਿਆ ਸੀ। ਉਹਨਾਂ ਕਿਹਾ ਕਿ 2000 ਬੂਟੇ ਵਿੱਚੋਂ ਤਕਰੀਬਨ 200 ਬੂਟੇ ਮਰ ਗਏ ਸਨ। ਪਨੀਰੀ ਲਗਾਉਣ ਲਈ ਮੈਂ ਖੁਦ ਆਪ ਤੇ ਨਾਲ ਬੰਦੇ ਲਗਾਏ। ਉਹਨਾਂ ਕਿਹਾ ਕਿ ਏਸ ਪਨੀਰੀ ਨੂੰ ਕੋਈ ਕੀੜਾ ਨਹੀਂ ਪੈਂਦਾ। ਫੁੱਲਾਂ ਤੇ ਕਾਲੇ ਰੰਗ ਦੀ ਸੁੰਡੀ ਜ਼ਰੂਰ ਪਈ, ਪਰ ਮੈਂ ਸਪਰੇਅ ਨਹੀਂ ਕੀਤੀ ਫੁੱਲ ਬਿਲਕੁਲ ਰਹੇ। ਪਹਿਲੀ ਤੁੜਵਾਈ 65 ਦਿਨਾਂ ਤੇ ਸ਼ੁਰੂ ਹੋ ਜਾਂਦੀ ਹੈ, ਕਿਉਕਿ ਦੋ ਮਹੀਨੇ ਤੇ ਫੁੱਲ ਦਾ ਮਾਰਕਿਟ ਸਾਈਜ਼ ਬਣ ਜਾਂਦਾ ਹੈ। ਇਕ ਕਨਾਲ ਵਿਚੋਂ ਫੁੱਲਾਂ ਦੀ ਤੁੜਵਾਈ ਹੁੰਦੀ ਹੈ। ਅਸੀਂ ਕੇਵਲ ਮੋਟੇ ਫੁੱਲ ਤੋੜਦੇ ਹਾਂ ਤੇ ਛੋਟੇ ਸਾਈਜ਼ ਦੇ ਛੱਡ ਦਿੰਦੇ ਹਾਂ। ਜੋ ਅਗਲੇ 15 ਦਿਨਾਂ ਤੱਕ ਛੋਟੇ ਸਾਈਜ਼ ਵੀ ਤੁੜਵਾਈ ਦੇ ਲਾਇਕ ਹੋ ਜਾਂਦਾ ਹੈ। ਸਾਡਾ ਦੋ ਤੁੜਵਾਈਆਂ ਦਾ ਕੁੱਲ 4 ਕੁਇੰਟਲ 95 ਕਿਲੋ ਵੇਟ ਹੋਇਆ। ਮੈਂ ਏਸ ਕਾਸ਼ਤ ਦੀ ਸਮੁੱਚੀ ਦੇਖ ਭਾਲ ਤੇ ਸਾਰੀ ਫਸਲੀ ਸਿਫਾਰਸ਼ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਪਰਮਿੰਦਰ ਸਿੰਘ ਦੇ ਸੁਝਾਵਾਂ ਮੁਤਾਬਕ ਹੀ ਚੱਲਿਆ। ਬੂਟੇ ਲਾਇਨ ਤੋਂ ਲਾਇਨ 2 ਫੁੱਟ ਤੇ ਬੂਟੇ ਵਿਚਲਾ ਇਕ ਫੁੱਟ ਫਾਸਲਾ ਰੱਖਿਆ। ਕਿਸਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਮੇਰੇ ਤਜ਼ਰਬੇ ਮੁਤਾਬਕ ਬੂਟਾ ਲਾਇਨ ਤੋਂ ਲਾਇਨ 4 ਫੁੱਟ ਚਾਹੀਦਾ। ਕਿਉਕਿ ਹੁਣ ਦੇ ਫਾਸਲੇ ਮੁਤਾਬਕ ਬੂਟਾ ਟੁੱਟਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲੇ 2-3 ਹਫਤੇ ਬਾਅਦ ਮੇਨ ਕਰੁੰਬਲੀ ਕੱਟਣੀ ਪੈਂਦੀ ਹੈ। ਜਿਸ ਨਾਲ ਬੂਟਾ ਜ਼ਿਆਦਾ ਫੈਲਦਾ ਹੈ। ਉਨ੍ਹਾਂ ਹੱਸਦਿਆਂ ਕਿਹਾ ਕਿ ਕੁਦਰਤ ਦੇ ਵਰਤਾਰੇ ਦੇ ਨਜ਼ਾਰੇ ਨੇ ਸਾਡੇ ਘਰ ਦੇ ਆਲੇ ਦੁਆਲੇ ਲਾਗੇ ਖੁਸ਼ਬੋ ਰਹਿੰਦੀ ਹੈ, ਤੇ ਖੇਤਾਂ 'ਚ ਫੁੱਲਾਂ ਦੀ ਖੂਬਸੂਰਤੀ ਉਹ ਅਲੱਗ। ਉਨ੍ਹਾਂ ਕਿਹਾ ਕਿ ਇਹ 6 ਮਹੀਨੇ ਦੀ ਫਸਲ ਹੈ। ਮਹੀਨੇ ਦੇ ਅੰਦਰ ਅੰਦਰ ਜਿੰਨੇ ਫਸਲ ਤੇ ਕੱਟ ਵੱਡ ਕਰ ਲਵੋ ਮੁੜਕੇ ਨਹੀਂ ਹੁੰਦੀ, ਫੇਰ ਸਿੱਧੀ ਤੁੜਵਾਈ ਹੀ ਹੁੰਦੀ ਹੈ। ਕਿਸਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਪਹਿਲੇ ਸਾਲ ਦੀ ਕਾਸ਼ਤ ਹੋਣ ਕਰਕੇ ਸਾਡਾ ਇੱਤਰ ਬਣਾਉਣ ਵਾਲੀਆਂ ਫਰਮਾਂ ਨਾਲ ਸੰਪਰਕ ਨਹੀਂ ਹੋਇਆ ਪਰ ਅਗਾਂਹ ਪਹਿਲਾਂ ਸੰਪਰਕ ਕਰਕੇ ਅਸੀਂ ਕੁੱਝ ਤੁੜਵਾਈ ਲਈ ਤੇ ਕੁਝ ਪ੍ਰਫਿਊਮ ਕੰਪਨੀ ਲਈ ਭੇਜਾਂਗੇ। ਅਸੀਂ ਫੁੱਲਾਂ ਦੀ ਕਾਸ਼ਤ ਹੇਠ ਰਕਬਾ 1 ਏਕੜ ਜਾਂ ਇਸ ਤੋਂ ਵੱਧ ਕਰਾਂਗੇ। ਉਹਨਾਂ ਕਿਹਾ ਕਿ ਸਭ ਤੋਂ ਵੱਧ ਫਾਇਦਾ ਕਿ ਏਸ ਤੇ ਖੇਤੀ ਦਵਾਈਆਂ ਸਪਰੇਅ ਨਹੀਂ ਹੁੰਦੀ। ਦੂਜਾ ਪਾਣੀ ਦੀ ਖਪਤ ਬਿਲਕੁਲ ਨਾ ਬਰਾਬਰ ਹੈ ਵਧੇਰੇ ਪਾਣੀ ਇਸ ਲਈ ਜ਼ਹਿਰ ਹੈ। ਉਹਨਾਂ ਕਿਹਾ ਕਿ ਮੈਨੂੰ ਇਹ ਫਸਲ ਇਕ ਕਨਾਲ ਚੋਂ 20 ਹਜ਼ਾਰ ਰੁਪਏ ਵਟਾ ਗਈ, ਜਦਕਿ ਮੁੱਖ ਫਸਲਾਂ ਕਣਕ ਝੋਨੇ ਨਾਲ ਅਜਿਹੇ ਪੈਸੇ ਥੋੜੇ ਰਕਬੇ ਤੋਂ ਨਹੀਂ ਬਣਨੇ ਸਨ। ਫੁੱਲਾਂ ਦੀ ਤੁੜਵਾਈ ਫਰਵਰੀ



ਤੱਕ ਚੱਲਦੀ ਹੈ। ਸਰਦੀਆਂ ਵਿਚ ਦੋ ਹਫਤੇ ਬਾਅਦ ਹਲਕਾ ਪਾਣੀ ਲਗਾਉਂਦਾ ਪੈਂਦਾ ਹੈ ਜਦਕਿ ਗਰਮੀ ਵਿਚ ਹਫਤੇ ਬਾਅਦ।

### ਮੰਡੀਕਰਨ ਤੇ ਤੁੜਵਾਈ

ਮੰਡੀ ਦੀ ਗੱਲ ਕਰਦਿਆਂ ਕਿਹਾ ਕਿ ਡਿਮਾਂਡ ਦੇ ਮੁਤਾਬਕ ਚੱਲਣਾ ਪੈਂਦਾ ਹੈ। ਇਹ ਫਸਲ ਰਿਸਕ ਵਾਲੀ ਹੈ ਤੇ ਕੋਈ ਵੀ ਕਿਸਾਨ ਰਿਸਕ ਨਹੀਂ ਲੈਂਦਾ। ਕਿਉਕਿ ਨਾ ਕੋਈ ਮੰਡੀ, ਨਾ ਫਿਕਸ ਰੇਟ, ਨਾ ਕੋਈ ਵਿਕਣਗਾਹ, ਸਭ ਕੁੱਝ ਕਿਸਾਨ ਦੀ ਆਪਣੀ ਭੱਜ ਦੌੜ ਤੇ ਨਿਰਭਰ ਕਰਦੀ ਹੈ। ਮੰਡੀਕਰਨ ਕਿਸਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਅਸੀਂ ਮੰਡੀਕਰਨ ਲਈ ਕਾਦੀਆਂ, ਬਟਾਲੇ, ਗੁਰਦਾਸਪੁਰ ਦੇ ਦੁਕਾਨਦਾਰਾਂ ਕੋਲ ਵੇਚਦੇ ਹਾਂ। ਇਸ ਦਿਵਾਲੀ ਤੇ ਸਾਨੂੰ 50 ਰੁਪਏ ਕਿਲੋ ਰੇਟ ਕਾਦੀਆਂ ਦੇ ਦੁਕਾਨਦਾਰ ਤੋਂ ਮਿਲਿਆ। ਉਹਨਾਂ ਕਿਹਾ ਕਿ ਅੱਜ ਸਾਡਾ 2 ਕੁਇੰਟਲ ਫੁੱਲ ਤਿਆਰ ਹੈ ਵੇਚਣ ਲਈ। ਉਹਨਾਂ ਕਿਹਾ ਕਿ 1 ਏਕੜ ਰਕਬੇ ਵਿਚ ਕੋਈ 100 ਕੁਇੰਟਲ ਤੱਕ ਝਾੜ ਦੇ ਜਾਂਦਾ ਹੈ।

(ਚੱਲਦਾ)

